# ਕਿਰਪਾ ਦੀ ਇਲਾਹੀ ਨਦੀ



ਇਹ ਕਾਲਪਨਕ ਕਹਾਣੀ ਵਿਖਾਉਂਦੀ ਹੈ, ਕਿਵੇਂ ਭਰਿਸ਼ਟ ਆਤਮਾਵਾਂ ਲੋਕਾਂ ਨੂੰ ਝੂਠ ਬੋਲਦੀਆਂ ਹਨ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੀ ਕਿਰਪਾ ਦੇ ਵਹਾ ਪ੍ਰਤੀ ਅੰਨ੍ਹਾ ਕਰਦੀਆਂ ਹਨ, ਅਤੇ ਕਿਵੇਂ ਮਸੀਹ ਉਨ੍ਹਾਂ ਨੂੰ ਅਜ਼ਾਦ ਕਰ ਸਕਦਾ ਹੈ।

ਦੁਆਰਾ

ਜੌਰਜ ਪੈਟਰਸਨ ਅਤੇ ਗਲੈਨ ਕੂਰਾਹ

**View and freely download this and other Paul-Timothy studies for novice leaders of new Christian congregations from http://www.Paul-Timothy.net.**

**Copyright 2004 by George Patterson**

# ਪਹਿਲਾ ਅਧਿਆਏ
# ਕਿਵੇਂ ਵਿਕਟਰ ਅਤੇ ਲੋਰੀ ਨੇ ਕਿਰਪਾ ਦੀ ਨਦੀ ਦੀ ਖੋਜ ਕੀਤੀ

ਵਿਕਟਰ ਛੋਟੇ ਪਿੰਡ ਵਿੱਚੋਂ ਸ਼ਹਿਰ ਚਲਿਆ ਗਿਆ, ਜਿੱਥੇ ਉਸਨੇ ਛੇਤੀ ਹੀ ਵੈਲਡਿੰਗ ਕਰਨਾ ਸਿੱਖ ਲਿਆ। ਉਸਨੂੰ ਛੋਟੀ ਜਿਹੀ ਕਾਰ ਮੁਰੰਮਤ ਕਰਨ ਵਾਲੀ ਦੁਕਾਨ ਵਿੱਚ ਰੋਜ਼ਗਾਰ ਮਿਲ ਗਿਆ। ਨਵੇਂ ਮਿੱਤਰਾਂ ਦੀ ਭਾਲ ਕਰਦਿਆਂ ਉਸਦੀ ਮੁਲਾਕਾਤ ਲੋਰੀ ਨਾਲ ਹੋਈ, ਜਿਹੜੀ ਹਾਲ ਹੀ ਵਿੱਚ ਸ਼ਹਿਰ ਆਈ ਸੀ।

ਉਨ੍ਹਾਂ ਦੀ ਮਿੱਤਰਤਾ ਤੇਜ਼ੀ ਨਾਲ ਵੱਧਦੀ ਗਈ ਅਤੇ ਉਨ੍ਹਾਂ ਵਿਆਹ ਕਰਵਾ ਲਿਆ। ਲੋਰੀ ਨੇ ਵਿਕਟਰ ਨੂੰ ਹੈਰਾਨ ਕਰ ਦਿੱਤਾ ਕਿ ਉਸਨੇ ਫੁੱਲਾਂ ਨਾਲ ਅਤੇ ਹੋਰ ਛੋਟੀਆਂ ਚੀਜ਼ਾਂ ਨਾਲ, ਜਿਨ੍ਹਾਂ ਦੀ ਕਲਪਨਾ ਸਿਰਫ ਔਰਤਾਂ ਹੀ ਕਰ ਸਕਦੀਆਂ ਹਨ, ਖਾਸ ਕਰਕੇ ਜੋ ਬਹੁਤ ਜਿਆਦਾ ਪੜ੍ਹਦੀਆਂ ਸਨ, ਲੋਰੀ ਦੀ ਤਰ੍ਹਾਂ, ਉਸਨੇ ਛੋਟੇ ਜਿਹੇ ਅਤੇ ਸਧਾਰਨ ਕਮਰੇ ਨੂੰ ਹੱਸਦਾ- ਰਸਦਾ ਬਣਾ ਦਿੱਤਾ ਸੀ ਅਤੇ ਉਹ ਬਹੁਤ ਖੁਸ਼ ਨਜ਼ਰ ਆ ਰਹੀ ਸੀ। ਵਿਕਟਰ ਨੇ ਉਸਨੂੰ ਕਿਹਾ, ''ਲੋਰੀ ਤੂੰ ਸਿਰਫ ਸੁੰਦਰ ਹੀ ਨਹੀਂ ਹੈਂ; ਤੂੰ ਸਿਰਜਨਸ਼ੀਲ ਵੀ ਹੈਂ। ਹਰ ਦਿਨ ਤੂੰ ਮੈਨੂੰ ਅਦਭੁੱਤ ਢੰਗ ਨਾਲ ਤੇਰੇ ਅਤੇ ਤੇਰੇ ਜੀਵਨ ਬਾਰੇ ਕੁਝ ਖੋਜਣ ਲਈ ਦਿੰਦੀ ਹੈ!'' ਉਸਨੇ ਲੋਰੀ ਦੇ ਲੰਬੇ, ਪਤਲੇ ਅਤੇ ਸਿੱਧੇ ਕਾਲੇ ਵਾਲਾਂ ਵਿੱਚ ਹੱਥ ਫੇਰਿਆ ਅਤੇ ਕਿਹਾ, ''ਮੈਂ ਖੁਸ਼ ਕਿਸਮਤ ਆਦਮੀ ਹਾਂ!''

ਉਸਨੇ ਉਸਦੇ ਮਜਬੂਤ-ਦ੍ਰਿੜ ਚੇਹਰੇ ਵੱਲ ਤੱਕਿਆ ਅਤੇ ਉਸਨੂੰ ਉਸ ਆਦਮੀ ਦੇ ਰੂਪ ਵਿੱਚ ਵੇਖਿਆ ਜੋ ਬਿਨ੍ਹਾਂ ਕਿਸੇ ਸ਼ਿਕਾਇਤ ਤੋਂ ਕਠੋਰ ਜਿੰਮੇਵਾਰੀਆਂ ਨੂੰ ਸਵੀਕਾਰ ਕਰੇਗਾ। ਉਸਨੇ ਨਮਰਤਾ ਨਾਲ ਉੱਤਰ ਦਿੱਤਾ, ''ਵਿਕਟਰ, ਤੂੰ ਬਹੁਤ ਹੀ ਵਿਚਾਰਸ਼ੀਲ ਹੈਂ।'' ਤੂੰ ਗਹਿਰਾ ਸੋਚਣ ਵਾਲਾ ਹੈਂ। ਸਾਡੇ ਲਈ ਜੀਵਨ ਕਦੀ ਅਕਾਉਣ ਵਾਲਾ ਨਹੀਂ ਹੋਵੇਗਾ! ਤੂੰ ਹਮੇਸ਼ਾ....ਮੈਂ ਕਿਵੇਂ ਕਹਿ ਸਕਦੀ ਹਾਂ? ਤੂੰ ਖੋਜ ਕਰ!''

ਸਰਲ ਜਿਹੇ ਸੰਸਾਰ ਵਿੱਚ ਉਨ੍ਹਾਂ ਦੇ ਸਰਲ ਢੰਗ ਵਿੱਚ ਉਤਪੰਨ ਕਰਦਿਆਂ ਅਤੇ ਖੋਜ ਕਰਦਿਆਂ, ਉਨ੍ਹਾਂ ਦਾ ਜੀਵਨ ਸਵਰਗ ਸੀ, ਉਸ ਸ਼ਾਮ ਤੱਕ ਜਦੋਂ ਵਿਕਟਰ ਉਦਾਸ ਚਿਹਰੇ ਨਾਲ ਘਰ ਪਹੁੰਚਿਆ। ਲੋਰੀ ਉਸਦੀਆਂ ਭਾਵਨਾਵਾਂ ਨੂੰ ਤੁਰੰਤ ਪੜ੍ਹਨਾ ਸਿੱਖ ਚੁੱਕੀ ਸੀ, ਜਦ ਕਿ ਹੋਰ ਕੋਈ ਵੀ ਇਹ ਨਹੀਂ ਸੀ ਕਰ ਸਕਦਾ। ''ਕੀ ਹੋਇਆ?''

''ਮੁਰੰਮਤ ਕਰਨ ਵਾਲੀ ਦੁਕਾਨ ਤੇ ਵੈਲਡਰ ਦੀ ਹੁਣ ਲੋੜ ਨਹੀਂ ਹੈ। ਮੈਨੂੰ ਹੋਰ ਮਾਲਕ ਲੱਭਣਾ ਪਵੇਗਾ।''

ਉਹ ਅਚਾਨਕ ਬੈਠ ਗਈ, ਡੂੰਘਾ ਸਾਹ ਲਿਆ ਅਤੇ ਆਪਣੇ ਹੱਥਾਂ ਨੂੰ ਜਕੜ ਕੇ ਗੋਦ ਵਿੱਚ ਰੱਖ ਲਿਆ। ''ਮੈਨੂੰ ਆਸ ਹੈ ਕਿ ਤੂੰ ਛੇਤੀ ਹੀ ਇਹ ਕਰ ਲਵੇਂਗਾ, ਕਿਉਂਕਿ ਸਾਡਾ ਪਰਿਵਾਰ ਵੱਧ ਰਿਹਾ ਹੈ। ਅੱਜ ਮੈਨੂੰ ਪਤਾ ਲੱਗਾ ਕਿ ਸਾਡੇ ਘਰ ਇੱਕ ਬੱਚਾ ਆਉਣ ਵਾਲਾ ਹੈ!''

ਤਿੰਨ ਹਫ਼ਤਿਆਂ ਬਾਅਦ ਜਦੋਂ ਵਿਕਟਰ ਘਰ ਪਹੁੰਚਿਆ ਤਾਂ ਉਹ ਸਮਝ ਗਈ ਕਿ ਉਸਦੇ ਚੇਹਰੇ ਦੀ ਨਿਰਾਸ਼ਾ ਹੋਰ ਵੱਧ ਚੁੱਕੀ ਸੀ। ''ਹੁਣ ਕੀ ਹੋਇਆ?''

''ਹੁਣ ਕਿਸੇ ਨੂੰ ਵੈਲਡਰ ਦੀ ਲੋੜ ਨਹੀਂ ਹੈ। ਅਸੀਂ ਇੱਕ ਹੋਰ ਮਹੀਨੇ ਦਾ ਕਿਰਾਇਆ ਨਹੀਂ ਸਕਦੇ। ਮੈਂ ਬਹੁਤ ਚਿੰਤਤ ਹਾਂ।''

ਲੋਰੀ ਨੇ ਇਕਰਾਰ ਕੀਤਾ, ਮੈਨੂੰ ਬਹੁਤ ਸਾਰੀਆਂ ਗੱਲਾਂ ਬਾਰੇ ਚਿੰਤਾ ਹੈ। ''ਕਈ ਵਾਰ ਮੈਨੂੰ ਲੱਗਦਾ ਹੈ ਕਿ ਪਰਮੇਸ਼ੁਰ ਮੇਰੇ ਬੁਰੇ ਕੰਮਾਂ ਦੀ ਮੈਨੂੰ ਸਜ਼ਾ ਦੇ ਰਿਹਾ ਹੈ, ਜੋ ਮੈਂ ਕੀਤੇ ਹਨ।''

ਵਿਕਟਰ ਨੇ ਜਵਾਬ ਦਿੱਤਾ, ਮੈਂ ਵੀ ਅਕਸਰ ਇਸੇ ਬਾਰੇ ਸੋਚਦਾ ਹਾਂ। ''ਮੇਰੇ ਭਤੀਜੇ ਨੇ ਮੈਨੂੰ ਕਿਹਾ ਹੈ ਕਿ ਕੁਝ ਮਿੱਤਰ ਲੋਕ ਅੱਜ ਰਾਤ ਇੱਕ ਹਿੰਦੂ ਸਵਾਮੀ ਨੂੰ ਮਿਲਣਗੇ ਅਤੇ ਮਨਨ ਕਰਨਗੇ। ਆ ਅਸੀਂ ਵੀ ਇਹ ਕੋਸ਼ਿਸ਼ ਕਰੀਏ। ਅਸੀਂ ਕਿਸੇ ਵੀ ਧਰਮ ਨੂੰ ਸਹੀ ਤਰ੍ਹਾਂ ਨਹੀਂ ਮੰਨਿਆ ਹੈ।''

''ਵਿਕਟਰ ਨੇ ਕਿਹਾ, ਇਹ ਗੱਲ ਵਧੀਆ ਜਾਪਦੀ ਹੈ। ਮੈਂ ਆਪਣੇ ਜੀਵਨ ਦਾ ਡੂੰਘਾ ਅਰਥ ਲੱਭਣਾ ਚਾਹੁੰਦਾ ਹਾਂ। ਮੇਰਾ ਮਤਲਬ, ਸਾਡੇ ਜੀਵਨਾਂ ਵਿੱਚ। ਮੈਂ ਤਜ਼ਰਬਾ ਕਰਨ ਲਈ ਤਿਆਰ ਹਾਂ।''

ਵਿਕਟਰ ਨੇ ਸੁਝਾਅ ਦਿੱਤਾ, ''ਖੈਰ ਮੈਂ ਫਿਰ ਤੈਨੂੰ ਉੱਥੇ ਮਿਲਾਂਗਾ।'' ''ਮੈਂ ਪਹਿਲਾਂ ਆਪਣੇ ਮਕਾਨ ਮਾਲਕ ਨੂੰ ਮਿਲਣ ਜਾ ਰਿਹਾ ਹਾਂ। ਉਹ ਉੱਥੇ ਲਾਗੇ ਹੀ ਰਹਿੰਦਾ ਹੈ। ਮੈਂ ਉਸਨੂੰ ਕਹਾਂਗਾ ਕਿ ਉਹ ਕਿਰਾਏ ਲਈ ਕੁਝ ਸਮਾਂ ਇੰਤਜ਼ਾਰ ਕਰੇ। ਮੈਨੂੰ ਪਿਤਾ ਹੈ ਜਿੱਥੇ ਉਹ ਸਵਾਮੀ ਨਾਲ ਮਿਲਣ ਵਾਲੇ ਹਨ। ਮੈਂ ਥੋੜਾ ਦੇਰੀ ਨਾਲ ਆ ਸਕਦਾ ਹਾਂ।''

ਵਿਕਟਰ ਨੇ ਲੋਰੀ ਨੂੰ ਜਿਹੜਾ ਪਤਾ ਦਿੱਤਾ, ਉਹ ਸਪੱਸ਼ਟ ਨਹੀਂ ਸੀ ਅਤੇ ਉਹ ਗਲਤ ਘਰ ਵਿੱਚ ਚਲੀ ਗਈ। ''ਇਹੋ ਮਨਨ ਕਰਨ ਲਈ ਮਿਲਣ ਦਾ ਸਥਾਨ ਹੈ?'' ਉਸਨੇ ਦਰਵਾਜੇ ਤੇ ਪੁੱਛਿਆ।

''ਮਨਨ? ਓਹ! ਮੈਂ ਸੋਚਦੀ ਹਾਂ ਇਹੋ ਹੈ। ਤੁਸੀਂ ਜਲਦੀ ਆ ਗਏ ਹੋ।'' ਲੋਰੀ ਦੀ ਉਮਰ ਦੀ ਇੱਕ ਔਰਤ ਨੇ ਉਸਦਾ ਸਵਾਗਤ ਕੀਤਾ। ''ਅੰਦਰ ਆ। ਮੇਰਾ ਨਾਂ ਜੂਲੀ ਹੈ। ਮੇਰਾ ਪਤੀ ਟੀਨੋ ਸਮੂਹ ਦੀ ਅਗਵਾਈ ਕਰਨ ਵਿੱਚ ਸਹਾਇਤਾ ਕਰਦਾ ਹੈ। ਅੱਜ ਰਾਤ ਵਿਚਾਰ-ਵਿਮਰਸ਼ ਵਿੱਚ ਅਗਵਾਈ ਕਰਨ ਦੀ ਉਸਦੀ ਵਾਰੀ ਹੈ। ਕਿਰਪਾ ਕਰਕੇ, ਚਾਹ ਲਓ।''

ਦੂਜੇ ਵੀ ਛੇਤੀ ਹੀ ਪਹੁੰਚ ਗਏ; ਕੁਝ ਲੋਕ ਬਾਈਬਲਾਂ ਲੈ ਕੇ ਆਏ। ਲੋਰੀ ਉਨ੍ਹਾਂ ਨੂੰ ਯਿਸੂ ਮਸੀਹ ਦੇ ਨਾਂ ਵਿੱਚ ਇੱਕ ਦੂਜੇ ਲਈ ਪ੍ਰਾਰਥਨਾ ਕਰਦਿਆਂ ਸੁਣਕੇ ਹੈਰਾਨ ਸੀ। ਇੱਕ ਔਰਤ ਨੇ ਦੱਸਿਆ ਕਿ ਕਿਵੇਂ ਉਸਨੇ ਯਿਸੂ ਦੇ ਪਿਆਰ ਨੂੰ ਜਾਣਿਆ ਸੀ: ''ਮੇਰੇ ਬਹੁਤ ਸਾਰੇ ਪਾਪ ਸਨ, ਜਿਨ੍ਹਾਂ ਤੋਂ ਮੈਨੂੰ ਮਾਫ਼ੀ ਦੀ ਲੋੜ ਸੀ। ਮੈਂ ਨਹੀਂ ਸੀ ਜਾਣਦੀ ਕਿ ਪਰਮੇਸ਼ੁਰ ਦੀ ਕਿਰਪਾ ਉਨ੍ਹਾਂ ਸਭਨਾਂ ਗੱਲਾਂ ਨੂੰ ਢੱਕ ਸਕਦੀ ਹੈ ਜੋ ਮੈਂ ਕੀਤੀਆਂ ਹਨ, ਪਰ ....'' ਉਹ ਗੱਲ ਖ਼ਤਮ ਵੀ ਨਾ ਕਰ ਸਕੀ। ਉਹ ਖੁਸ਼ੀ ਨਾਲ ਸਿਸਕੀਆਂ ਲੈ ਰਹੀ ਸੀ।

ਇੱਕ ਬੁੱਢੇ ਮਨੁੱਖ ਨੇ ਜੋ ਲੋਕਾਂ ਵਿੱਚ ਬੋਲਣ ਦਾ ਆਦੀ ਨਹੀਂ ਸੀ, ਸ਼ਰਮਾਉਂਦਿਆਂ ਕਹਿਣਾ ਸ਼ੁਰੂ ਕੀਤਾ, ''ਤੁਸੀਂ ਕਈ ਹਫ਼ਤਿਆਂ ਤੱਕ ਮੇਰੇ ਲਈ ਪ੍ਰਾਰਥਨਾ ਕੀਤੀ। ਤੁਸੀਂ ਪਰਮੇਸ਼ੁਰ ਅੱਗੇ ਮਿੰਨਤ ਕੀਤੀ ਕਿ ਉਹ ਮੈਨੂੰ ਫੇਫੜਿਆਂ ਦੀ ਬਿਮਾਰੀ ਤੋਂ ਚੰਗਾ ਕਰੇ। ਉਸ ਨੇ ਇਸੇ ਤਰ੍ਹਾਂ ਹੀ ਕੀਤਾ। ਡਾਕਟਰ ਨੇ ਮੈਨੂੰ ਪੁੱਛਿਆ ਕਿ ਮੈਂ ਕਿਹੜੀ ਦਵਾਈ ਖਾਧੀ ਹੈ। ਮੈਂ ਉਸਨੂੰ ਦੱਸਿਆ ਕਿ ਇਹ ਪ੍ਰਾਰਥਨਾ ਸੀ। ਸਿਰਫ ਪ੍ਰਾਰਥਨਾ, ਅਤੇ ਯਿਸੂ ਦਾ ਨਾਂ ਇਸਤੇਮਾਲ ਕਰਨਾ। ਡਾਕਟਰ ਨੇ ਕਿਹਾ, ''ਇਹ ਪ੍ਰਾਰਥਨਾ ਹੀ ਹੋਵੇਗੀ। ਮੈਂ ਹੋਰ ਕੋਈ ਚੀਜ਼ ਨੂੰ ਨਹੀਂ ਜਾਣਦਾ, ਜੋ ਇਸ ਪ੍ਰਕਾਰ ਦੀ ਪੂਰਨ ਚੰਗਾਈ ਦੇ ਸੱਕੇ।''

''ਪ੍ਰਭੂ ਦੀ ਵਡਿਆਈ ਹੋਵੇ!'' ਜੂਲੀ ਨੇ ਇੰਨੇ ਸੁਭਾਵਕ ਢੰਗ ਨਾਲ ਕਿਹਾ ਕਿ ਇਸ ਨਾਲ ਲੋਰੀ ਹੈਰਾਨ ਹੋ ਗਈ ਜੋ ਉਸਦੇ ਲਾਗੇ ਹੀ ਬੈਠੀ ਸੀ।

ਇੱਕ ਨੌਜਵਾਨ ਨੇ ਆਪਣੀ ਗਵਾਹੀ ਦੱਸੀ, ''ਤੁਸੀਂ ਜਾਣਦੇ ਹੋ ਮੈਂ ਕਿੰਨਾ ਭਿਆਨਕ ਸੀ, ਗੈਰ ਕਾਨੂੰਨੀ ਨਸ਼ਿਆਂ ਦਾ ਆਦੀ ਸੀ। ਪਰ ਸਾਡੇ ਪ੍ਰਭੂ ਯਿਸੂ ਮਸੀਹ ਨੇ ਮੈਨੂੰ ਅਜ਼ਾਦ ਕੀਤਾ ਹੈ।''

ਉਨ੍ਹਾਂ ਫਿਰ ਪ੍ਰਭੂ ਦੀ ਵਡਿਆਈ ਕੀਤੀ। ਟੀਨੋ ਨੇ ਉਸ ਨੌਜਵਾਨ ਨਾਲ ਵਾਅਦਾ ਕੀਤਾ, ''ਅਸੀਂ ਤੈਨੂੰ ਪਰਮੇਸ਼ੁਰ ਦੀ ਕਿਰਪਾ ਵਿੱਚ ਵੱਧਣ ਲਈ ਮਦਦ ਕਰਾਂਗੇ।''

ਲੋਰੀ ਨੇ ਜੂਲੀ ਦੇ ਕੰਨ ਵਿੱਚ ਕਿਹਾ, ''ਮੈਨੂੰ ਆਸ ਹੈ ਕਿ ਮੈਨੂੰ ਕੋਈ ਕੁਝ ਬੋਲਣ ਲਈ ਨਹੀਂ ਕਹੇਗਾ। ਇਹ ਮੇਰੇ ਲਈ ਨਵਾਂ ਹੈ।''

''ਲੋਰੀ ਜੇ ਤੂੰ ਚਾਹੇ ਤਾਂ ਬੋਲ ਸਕਦੀ ਹੈਂ।''

ਜੂਲੀ ਦਾ ਪਤੀ, ਟੀਨੋ ਵਿਦਵਾਨ ਵਰਗਾ ਜਾਪ ਰਿਹਾ ਸੀ। ਉਸਨੇ ਮੋਟੀਆਂ ਐਨਕਾਂ ਪਹਿਨੀਆਂ ਹੋਈਆਂ ਸਨ ਅਤੇ ਜਵਾਨ ਪ੍ਰੋਫੈਸਰ ਵਾਂਗ ਲੱਗ ਰਿਹਾ ਸੀ। ਉਸਦੀਆਂ ਮੁੱਛਾਂ ਬੜੀ ਸਫਾਈ ਨਾਲ ਕੱਟੀਆਂ ਹੋਈਆਂ ਸਨ ਅਤੇ ਉਹ ਸਥਿਰ, ਸਪੱਸ਼ਟ ਰੂਪ ਨਾਲ ਬੋਲ ਰਿਹਾ ਸੀ।ਲੋਰੀ ਨੇ ਜਦੋਂ ਉਸਦੇ ਹੱਸਮੁੱਖ ਚਿਹਰੇ ਨੂੰ ਪੜ੍ਹ ਲਿਆ ਤਾਂ ਉਸਨੇ ਸੋਚਿਆ, ''ਮੈਂ ਸੋਚਦੀ ਹਾਂ ਮੈਂ ਇਸ ਮਨੁੱਖ ਤੇ ਭਰੋਸਾ ਕਰ ਸਕਦੀ ਹਾਂ।''

ਟੀਨੋ ਨੇ ਸਮੂਹ ਨੂੰ ਆਖਿਆ, ''ਆਓ ਅਸੀਂ ਆਪਣੀਆਂ ਬਾਈਬਲਾਂ ਵਿੱਚੋਂ ਪੜ੍ਹੀਏ, ਪਰਮੇਸ਼ੁਰ ਕਿਰਪਾ ਬਾਰੇ ਕੀ ਕਹਿੰਦਾ ਹੈ। ਕਿਰਪਾ ਕਰਕੇ ਰੋਮੀਆਂ 5 ਅਧਿਆਏ ਲੱਭੋ।'' ''ਜੂਲੀ ਨੇ ਲੋਰੀ ਨੂੰ ਬਾਈਬਲ ਫੜਾਈ, ਪਰ ਉਹ ਰੋਮੀਆਂ ਦੀ ਪੁਸਤਕ ਨਾ ਲੱਭ ਸਕੀ। ''ਜੂਲੀ ਨੇ ਨਰਮਾਈ ਨਾਲ ਕਿਹਾ, ''ਮੈਂ ਤੇਰੀ ਮਦਦ ਕਰਦੀ ਹਾਂ।'' ਲੋਰੀ ਨੇ ਧਿਆਨ ਨਾਲ ਵੇਖਿਆ ਕਿ ਜੂਲੀ ਕਿਵੇਂ ਹੌਲੀ ਹੌਲੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਇੱਕ ਵਿਅਕਤੀ ਤੋਂ ਦੂਸਰੇ ਵੱਲ, ਉਨ੍ਹਾਂ ਨੂੰ ਨਮਸਕਾਰ ਕਰਦਿਆਂ, ਉਨ੍ਹਾਂ ਦੀ ਸਿਹਤ ਅਤੇ ਪਰਿਵਾਰਾਂ ਬਾਰੇ ਪੁੱਛਦੀ ਅਤੇ ਉਨ੍ਹਾਂ ਨੂੰ ਚਾਹ ਦੇਂਦੀ ਤੁਰ ਫਿਰ ਰਹੀ ਸੀ। ਉਹ ਉਸ ਵੇਲੇ ਹੱਸ ਰਹੀ ਸੀ, ਇੱਕ ਭਰੋਸੇਯੋਗ ਵਿਅਕਤੀ, ਜਿਹੜੀ ਆਉਣ ਵਾਲਿਆਂ ਨੂੰ ਸੁਖਾਲਾ ਮਹਿਸੂਸ ਕਰਵਾ ਰਹੀ ਸੀ।

ਨੌਜਵਾਨ ਜਿਹੜਾ ਨਸ਼ਿਆਂ ਦੀ ਆਦਤ ਤੋਂ ਅਜ਼ਾਦ ਹੋਇਆ ਸੀ, ਉਸਨੇ ਡੂੰਘੀ ਭਾਵਨਾ ਨਾਲ ਪੜ੍ਹਿਆ, ''ਜਿਹਾ ਅਪਰਾਧ ਹੋਇਆ। ਤਿਹੀ ਹੀ ਕਿਰਪਾ ਵੀ ਹੋਈ ਤਾਂ ਜੋ, ਜਿਵੇਂ ਪਾਪ ਨੇ ਮੌਤ ਤੇ ਰਾਜ ਕੀਤਾ, ਉਸੇ ਤਰ੍ਹਾਂ ਕਿਰਪਾ ਵੀ ਸਾਡੇ ਪ੍ਰਭੂ ਯਿਸੂ ਮਸੀਹ ਦੁਆਰਾ, ਸਦੀਪਕ ਜੀਵਨ ਲਿਆਉਣ ਲਈ, ਧਾਰਮਿਕਤਾ ਨਾਲ ਰਾਜ ਕਰੇਗੀ।''

ਟੀਨੋ ਨੇ ਸਮੂਹ ਕੋਲੋਂ ਪੁੱਛਿਆ, ''ਇਹ ਸਾਨੂੰ ਪਰਮੇਸ਼ੁਰ ਬਾਰੇ ਕੀ ਪ੍ਰਗਟ ਕਰਦਾ ਹੈ?''

ਉਨ੍ਹਾਂ ਨੇ ਕੁਝ ਸਮੇਂ ਲਈ ਪਰਮੇਸ਼ੁਰ ਦੀ ਭਰਪੂਰ ਕਿਰਪਾ ਬਾਰੇ ਵਿਚਾਰ ਵਿਮਰਸ਼ ਕੀਤਾ ਅਤੇ ਫਿਰ ਵਾਰੀ ਵਾਰੀ ਉਨ੍ਹਾਂ ਆਇਤਾਂ ਬਾਰੇ ਪੜ੍ਹਨਾ ਸ਼ੁਰੂ ਕੀਤਾ, ਜਿਨ੍ਹਾਂ ਨੂੰ ਟੀਨੋ ''ਕਿਰਪਾ ਦੀ ਨਦੀ'' ਕਹਿੰਦਾ ਸੀ।

ਇੱਕ ਬਜ਼ੁਰਗ ਔਰਤ ਨੇ ਸ਼ੁਰੂਆਤ ਕੀਤੀ। ਉਸਨੇ ਪੁਰਾਣੇ ਕੱਪੜੇ ਪਹਿਨੇ ਹੋਏ ਸਨ ਅਤੇ ਬਹੁਤ ਗਰੀਬ ਲੱਗਦੀ ਸੀ। ''ਯਸਾਯਾਹ 55:1 ਆਇਤ ਵਾਅਦਾ ਕਰਦੀ ਹੈ, 'ਓਏ, ਹਰੇਕ ਜੋ ਤਿਹਾਇਆ ਹੈ, ਤੁਸੀਂ ਪਾਣੀ ਲਈ ਆਓ, ਅਤੇ ਜਿਸ ਦੇ ਕੋਲ ਚਾਂਦੀ ਨਹੀਂ, ਉਹ ਆਓ, ਲੈ ਲਓ ਅਤੇ ਖਾ ਲਓ!' ਮੈਨੂੰ ਇਹ ਵਾਅਦਾ ਬਹੁਤ ਪਸੰਦ ਹੈ।''

ਮਨੁੱਖ ਜਿਹੜਾ ਚੰਗਾ ਹੋਇਆ ਸੀ, ਉਸਨੇ ਹੌਲੀ ਜਿਹੀ ਜ਼ਬੂਰ 36:8-9 ਵਿੱਚੋਂ ਪੜ੍ਹਿਆ, ''ਓਹ ਤੇਰੇ ਘਰ ਦੀ ਚਿਕਨਾਈ ਨਾਲ ਰੱਜ ਜਾਣਗੇ, ਅਤੇ ਤੂੰ ਆਪਣੇ ਬਿਲਾਸਾਂ ਦੀ ਨਦੀ ਤੋਂ ਉਨ੍ਹਾਂ ਨੂੰ ਪਿਲਾਏਂਗਾ, ਕਿਉਂ ਜੋ ਜੀਉਣ ਦਾ ਚਸ਼ਮਾ ਤੇਰੇ ਮੁੱਢ ਹੈ।''

ਜਦ ਵੀ ਕਿਸੇ ਵਿਅਕਤੀ ਨੇ ਬਾਈਬਲ ਦੀਆਂ ਵੱਖ-ਵੱਖ ਪੁਸਤਕਾਂ ਵਿੱਚੋਂ ਪੜ੍ਹਿਆ ਤਾਂ ਲੋਰੀ ਨੇ ਆਪਣੇ ਦਿਲ ਵਿੱਚ ਹਲਚਲ ਨੂੰ ਮਹਿਸੂਸ ਕੀਤਾ। ਇੱਕ ਛੋਟੇ ਬੱਚੇ ਨੇ ਜੋ ਲਗਭਗ ਦੱਸ ਸਾਲ ਦਾ ਸੀ, ਮੂੰਹ ਜ਼ਬਾਨੀ ਪਰਕਾਸ਼ ਦੀ ਪੋਥੀ 22:1 ਆਇਤ ਸ਼ਰਮਾਉਂਦੇ ਹੋਏ ਸੁਣਾਈ: ''ਉਸ ਨੇ ਅੰਮ੍ਰਿਤ ਜਲ ਦੀ ਇੱਕ ਨਦੀ ਬਲੌਰ ਵਾਗੂੰ, ਉੱਜਲ ਪਰਮੇਸ਼ੁਰ ਦੇ ਲੇਲੇ ਦੇ ਸਿੰਘਾਸਣ ਵਿੱਚੋਂ ਨਿਕਲਦੀ, ਓਸ ਨਗਰੀ ਦੇ ਚੌਂਕ ਦੇ ਵਿਚਕਾਰ ਮੈਨੂੰ ਵਿਖਾਈ। ਓਸ ਨਦੀ ਦੇ ਉਰਾਰ ਪਾਰ ਜੀਵਨ ਦਾ ਬਿਰਛ ਹੈ, ਜਿਸ ਨੂੰ ਬਾਰਾਂ ਪ੍ਰਕਾਰ ਦੇ ਫਲ ਲੱਗਦੇ ਹਨ ਅਤੇ ਓਹ ਆਪਣਾ ਫਲ ਮਹੀਨਾ ਮਹੀਨਾ ਦਿੰਦਾ ਹੈ ਅਤੇ ਓਸ ਬਿਰਛ ਦੇ ਪੱਤੇ ਕੌਮਾਂ ਦੇ ਇਲਾਜ ਦੇ ਲਈ ਹਨ।''

ਅਚਾਨਕ ਇੱਕ ਔਰਤ ਜਿਸਨੇ ਚਮਕੀਲੇ ਰੰਗ ਦੇ ਬਸਤਰ ਪਹਿਨੇ ਹੋਏ ਸਨ ਉੱਠੀ ਅਤੇ ਚੁੱਪਚਾਪ ਚਲੀ ਗਈ। ਉਸਨੇ ਸਭਾ ਦੇ ਦੌਰਾਨ ਕੋਈ ਗੱਲ ਨਹੀਂ ਕੀਤੀ ਸੀ। ਉਸਦੇ ਚੇਹਰੇ ਤੇ ਕੋਈ ਭਾਵ ਦਿਖਾਈ ਨਾ ਦਿੱਤੇ। ਤਦ ਉਸ ਔਰਤ ਨੇ ਜਿਸਨੇ ਪਰਮੇਸ਼ੁਰ ਦੀ ਮਾਫ਼ੀ ਲਈ ਉਸਦੀ ਵਡਿਆਈ ਕੀਤੀ ਸੀ, ਉਸਨੇ ਯੂਹੰਨਾ 7:37-38 ਅਜਿਹੀ ਅਵਾਜ਼ ਨਾਲ ਪੜ੍ਹੀ ਜੋ ਖੁਸ਼ੀ ਵਾਲੀ ਸੀ, ''ਯਿਸੂ ਖੜਾ ਹੋਇਆ ਅਤੇ ਇਹ ਕਹਿ ਕੇ ਉੱਚੀ ਬੋਲਿਆ ਭਈ ਜੇ ਕੋਈ ਤਿਹਾਇਆ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਪੀਵੇ। ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ, ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ।''

ਫਿਰ ਉਹ ਦੋ ਅਤੇ ਤਿੰਨ ਵਿਅਕਤੀਆਂ ਦੇ ਸਮੂਹਾਂ ਵਿੱਚ ਬੈਠ ਗਏ ਅਤੇ ਇੱਕ ਦੂਜੇ ਨਾਲ ਗੱਲਬਾਤ ਕਰਨੀ ਸ਼ੁਰੂ ਕੀਤੀ। ਕੁਝ ਲੋਕ ਪ੍ਰਾਰਥਨਾ ਕਰ ਰਹੇ ਸਨ। ਜੂਲੀ ਨੇ ਲੋਰੀ ਕੋਲੋਂ ਪੁੱਛਿਆ, ''ਜਿਸ ਬਾਰੇ ਸਮੂਹ ਗੱਲਬਾਤ ਕਰ ਰਿਹਾ ਸੀ, ਕੀ ਤੈਨੂੰ ਸਮਝ ਲੱਗੀ ਹੈ?''

''ਪੂਰੀ ਚੰਗੀ ਤਰ੍ਹਾਂ ਨਹੀਂ। ਮੈਂ ਪਹਿਲਾਂ ਕਦੀ ਵੀ ਅਜਿਹੀ ਕਿਰਪਾ ਦੀ ਨਦੀ ਬਾਰੇ ਕੁਝ ਵੀ ਨਹੀਂ ਸੀ ਸੁਣਿਆ। ਇਹ ਵਿਚਾਰ ਮੈਨੂੰ ਦਿਲਚਸਪ ਲੱਗੇ ਹਨ।''

ਸਭਾ ਦਾ ਰਸਮੀ ਭਾਗ ਖ਼ਤਮ ਹੋ ਚੁੱਕਾ ਸੀ, ਪਰ ਕੋਈ ਵੀ ਨਹੀਂ ਗਿਆ। ਕੁਝ ਲੋਕ ਖੜੇ ਹੋ ਕੇ ਗੱਲਾਂ ਕਰ ਰਹੇ ਸਨ ਜਦ ਕਿ ਦੂਜੇ ਲੋਕ ਛੋਟੇ ਛੋਟੇ ਸਮੂਹਾਂ ਵਿੱਚ ਬੈਠੇ ਸਨ ਅਤੇ ਹੌਲੀ ਹੌਲੀ ਗੱਲਬਾਤ ਕਰ ਰਹੇ ਸਨ। ਜੂਲੀ ਨੇ ਆਪਣੇ ਪਤੀ ਨੂੰ ਸੁਝਾਅ ਦਿੱਤਾ, ''ਟੀਨੋ, ਕੀ ਕਿਰਪਾ ਕਰਕੇ ਤੂੰ ਸਾਨੂੰ ਸਮਝਾ ਸਕਦਾ ਹੈਂ, ਕਿ ਤੇਰਾ ਕਿਰਪਾ ਦੀ ਨਦੀ ਤੋਂ ਕੀ ਮਤਲਬ ਸੀ।''

''ਹਾਂ ਖੁਸ਼ੀ ਨਾਲ!'' ਉਹ ਲੋਰੀ ਵੱਲ ਮੂੰਹ ਕਰ ਕੇ ਬੈਠਿਆ ਅਤੇ ਕੁਝ ਪਲ ਝਿਜਕਿਆ। ਉਹ ਇਸ ਬਾਰੇ ਫੈਸਲਾ ਕਰ ਰਿਹਾ ਜਾਪ ਰਿਹਾ ਸੀ ਕਿ ਕਿਵੇਂ ਸਮਝਾਵਾਂ। ਅਚਾਨਕ ਚਿਹਰੇ ਤੇ ਵੱਡਾ ਹਾਸਾ ਆ ਗਿਆ। ''ਕਿਰਪਾ, ਮੇਰਾ ਮਨਪਸੰਦ ਵਿਸ਼ਾ ਹੈ। ਪਰਮੇਸ਼ੁਰ ਦੀ ਕਿਰਪਾ ਉਸਦੀ ਮੁਫ਼ਤ ਕਿਰਪਾ, ਉਸਦਾ ਸੰਪੂਰਨ ਪਿਆਰ ਅਤੇ ਉਸਦੀ ਨਾ ਖ਼ਤਮ ਹੋਣ ਵਾਲੀ ਦਯਾ ਹੈ। ਅਸੀਂ ਕਦੀ ਵੀ ਉਸਦੇ ਯੋਗ ਨਹੀਂ ਹਾਂ। ਅਸੀਂ ਉਸਦੀ ਕਿਰਪਾ ਸਿਰਫ ਨਿਹਚਾ ਦੁਆਰਾ ਪ੍ਰਾਪਤ ਕਰਦੇ ਹਾਂ ਜਦੋਂ ਯਿਸੂ ਮਸੀਹ ਸਾਨੂੰ ਸਾਡੇ ਪਾਪਾਂ ਤੋਂ ਅਤੇ ਧਰਤੀ ਤੇ ਸਾਡੇ ਬਾਕੀ ਦੇ ਜੀਵਨ ਅਤੇ ਸਦੀਪਕ ਕਾਲ ਤੱਕ ਸਾਨੂੰ ਬਚਾਉਂਦਾ ਹੈ। ਮੈਂ ਇਸਨੂੰ ਨਦੀ ਕਿਹਾ ਕਿਉਂਕਿ ਬਾਈਬਲ ਦੱਸਦੀ ਹੈ, ''ਜਿਹਾ ਅਪਰਾਧ ਵਧਿਆ, ਤਿਹੀ ਕਿਰਪਾ ਵਧੀ। ਅਤੇ ਬਾਈਬਲ ਦੇ ਹੋਰ ਵਚਨਾਂ ਵਿੱਚ ਬਾਈਬਲ ਚੰਗਿਆਈ ਦੇਣ ਵਾਲੇ ਪਾਣੀ ਦੀ ਮਹਾਨ ਨਦੀ, ਜਿਹੜੀ ਪਰਮੇਸ਼ੁਰ ਦੇ ਸਵਰਗੀ ਸਿੰਘਾਸਣ ਤੋਂ ਵਹਿੰਦੀ ਹੈ, ਉਸ ਬਾਰੇ ਅਲੰਕਾਰ ਰੂਪ ਵਿੱਚ ਬੋਲਦੀ ਹੈ।''

ਲੋਰੀ ਨੇ ਪੁੱਛਿਆ, ''ਅਸੀਂ ਇਸਨੂੰ ਕਿੱਥੇ ਲੱਭ ਸਕਦੇ ਹਾਂ?''

''ਸਾਡੇ ਮੁਕਤੀਦਾਤਾ ਯਿਸੂ ਮਸੀਹ ਨੂੰ, ਤੁਹਾਨੂੰ ਮਾਫ਼ ਕਰਨ ਲਈ ਉਸ ਤੇ ਭਰੋਸਾ ਕਰੋ। ਪਿਤਾ ਪਰਮੇਸ਼ੁਰ ਤੋਂ ਪਵਿੱਤਰ ਆਤਮਾ ਵਹਿੰਦਾ ਹੈ, ਜਿਹੜਾ ਮੁਫ਼ਤ ਵਿੱਚ ਉਨ੍ਹਾਂ ਲੋਕਾਂ ਲਈ ਭਰਪੂਰ ਜੀਵਨ ਲਿਆਉਂਦਾ ਹੈ, ਜਿਹੜੇ ਵਿਸ਼ਵਾਸ ਕਰਦੇ ਹਨ। ਲੋਰੀ, ਉਸਨੇ ਤੈਨੂੰ ਨਵਾਂ, ਪਵਿੱਤਰ, ਭਰਪੂਰ ਅਤੇ ਸਦੀਪਕ ਜੀਵਨ ਦੇਣ ਦਾ ਵਾਅਦਾ ਕੀਤਾ ਹੈ। ਇਹ ਮੁਫ਼ਤ ਹੈ। ਬਾਈਬਲ ਵਿੱਚ ਯੂਹੰਨਾ 14:16-17 ਵਿੱਚ ਦਰਜ ਹੈ ਕਿ ਪ੍ਰਭੂ ਯਿਸੂ ਨੇ ਉਸਦੇ ਸਵਰਗੀ ਪਿਤਾ, ਇੱਕੋ ਸਰਬ ਸ਼ਕਤੀਮਾਨ ਪਰਮੇਸ਼ੁਰ ਨੂੰ ਪ੍ਰਾਰਥਨਾ ਕੀਤੀ ਅਤੇ ਉਸ ਅੱਗੇ ਸਾਡੇ ਲਈ ਪਵਿੱਤਰ ਆਤਮਾ ਭੇਜਣ ਦੀ ਬੇਨਤੀ ਕੀਤੀ। ਉਹ ਯਿਸੂ ਹੀ ਨਦੀ ਹੈ, ਜੋ ਸਾਡੇ ਲਈ ਪਰਮੇਸ਼ੁਰ ਦੀ ਕਿਰਪਾ ਲਿਆਉਂਦਾ ਹੈ।''

''ਲੋਰੀ ਨੇ ਮੰਨਿਆ, ਕਿ ਉਸਨੇ ਇਸਦੇ ਬਾਰੇ ਕਦੀ ਨਹੀਂ ਸੁਣਿਆ ਸੀ।'' ਮੈਂ ਸਿਰਫ਼ ਸੁਣਿਆ ਸੀ ਕਿ ਪਰਮੇਸ਼ੁਰ ਸਾਡੇ ਪਾਪਾਂ ਅਤੇ ਚੰਗੇ ਕੰਮਾਂ ਅਨੁਸਾਰ ਸਾਡਾ ਨਿਆਂ ਕਰੇਗਾ। ਮੈਨੂੰ ਹੈਰਾਨੀ ਹੋ ਰਹੀ ਹੈ ਕਿ ਮੇਰੇ ਮਾਤਾ-ਪਿਤਾ ਅਤੇ ਸਿੱਖਿਅਕਾਂ ਨੇ ਮੈਨੂੰ ਇਸ ਅਦਭੁਤ ਕਿਰਪਾ ਬਾਰੇ ਕਦੀ ਕਿਉਂ ਨਹੀਂ ਸੀ ਦੱਸਿਆ।''

ਟੀਨੋ ਨੇ ਦੱਸਿਆ, ''ਬਾਈਬਲ ਪ੍ਰਗਟ ਕਰਦੀ ਹੈ ਕਿ ਸ਼ੈਤਾਨ, ਸਾਡਾ ਵੱਡਾ ਦੁਸ਼ਮਣ, ਆਤਮਿਕ ਤੌਰ ਤੇ ਲੋਕਾਂ ਦੀਆਂ ਅੱਖਾਂ ਨੂੰ ਅੰਨ੍ਹਿਆਂ ਕਰਦਾ ਹੈ। ''ਸ਼ੈਤਾਨ ਸਾਡੇ ਧਿਆਨ ਨੂੰ ਪਰਮੇਸ਼ੁਰ ਦੀ ਕਿਰਪਾ ਵੱਲੋਂ ਦੂਰ ਹਟਾਉਣ ਲਈ ਲੁਭਾਉਂਦਾ ਹੈ। ਪਰਮੇਸ਼ੁਰ ਆਪਣੀ ਅਪਾਰ ਬੁੱਧ ਵਿੱਚ, ਕਿ ਕੋਈ ਮਨੁੱਖ ਨਹੀਂ ਸਮਝ ਸਕਦਾ, ਸ਼ੈਤਾਨ ਨੂੰ ਇਸ ਤਰ੍ਹਾਂ ਕਰਨ ਦੇਂਦਾ ਹੈ। ਉਹ ਸਾਡੇ ਭਰੋਸੇ ਨੂੰ ਪਰਖਣ ਲਈ ਸ਼ੈਤਾਨ ਨੂੰ ਆਪਣੇ ਅੱਗੇ ਝੂਠ ਬੋਲਣ ਦੇਂਦਾ ਹੈ। ਸਾਨੂੰ ਸ਼ੈਤਾਨ ਦਾ ਸਾਹਮਣਾ ਕਰਨਾ ਚਾਹੀਦਾ ਹੈ ਅਤੇ ਪਰਮੇਸ਼ੁਰ ਦੀ ਕਿਰਪਾ ਨੂੰ ਸਾਡੇ ਜੀਵਨਾਂ ਵਿੱਚ ਵਹਿਣ ਦੇਣਾ ਚਾਹੀਦਾ ਹੈ। ਕੁਝ ਲੋਕ ਸ਼ੈਤਾਨ ਦੇ ਝੂਠਾਂ ਦਾ ਵਿਸ਼ਵਾਸ ਕਰਨ ਲਈ ਤਿਆਰ ਹੁੰਦੇ ਹਨ, ਕਿਉਂਕਿ ਉਹ ਉਨ੍ਹਾਂ ਦੇ ਆਪਣੇ ਜੀਵਨਾਂ ਤੇ ਕਾਬੂ ਪਾਉਣਾ ਚਾਹੁੰਦੇ ਹਨ, ਅਤੇ ਪਰਮੇਸ਼ੁਰ ਨੂੰ ਉਨ੍ਹਾਂ ਦੇ ਦਿਲਾਂ ਵਿੱਚ ਦਾਖਲ ਨਹੀਂ ਹੋਣ ਦੇਂਦੇ। ਉਹ ਨਹੀਂ ਚਾਹੁੰਦੇ ਕਿ ਪਵਿੱਤਰ ਆਤਮਾ ਉਨ੍ਹਾਂ ਨੂੰ ਨਿਹਚਾ ਦੇਵੇ। ਮੈਨੂੰ ਉਮੀਦ ਹੈ ਕਿ ਤੂੰ ਸਾਨੂੰ ਤੇਰੇ ਲਈ ਪਰਮੇਸ਼ੁਰ ਦੇ ਪਿਆਰ ਨੂੰ ਲੱਭਣ ਵਿੱਚ ਆਪਣੀ ਮਦਦ ਕਰਨ ਦੇਵੇਂਗੀ ਜੋ ਅਸੀਂ ਪ੍ਰਾਪਤ ਕਰਦੇ ਹਾਂ, ਜਦੋਂ ਅਸੀਂ ਆਪਣੇ ਮੁਕਤੀਦਾਤਾ ਯਿਸੂ ਮਸੀਹ ਤੇ ਭਰੋਸਾ ਕਰਦੇ ਹਾਂ।''

ਲੋਰੀ ਨੇ ਜੂਲੀ ਨੂੰ ਪੁੱਛਿਆ, ''ਜੋ ਤੁਸੀਂ ਅੱਜ ਸ਼ਾਮ ਇੱਥੇ ਕੀਤਾ, ਕੀ ਤੁਸੀਂ ਇਵੇਂ ਹੀ ਮਨਨ ਕਰਦੇ ਹੋ? ਕੀ ਤੇਰਾ ਪਤੀ ਟੀਨੋ ਇੱਕ ਧਾਰਮਕ ਸਵਾਮੀ ਹੈ?''

''ਓਹ, ਨਹੀਂ! ਸਵਾਮੀ ਦਾ ਸਮੂਹ ਪਰਲੀ ਗਲੀ ਵਿੱਚ ਇਕੱਠਾ ਹੁੰਦਾ ਹੈ। ਉਹ ਅਤੇ ਉਸਦੇ ਚੇਲੇ ਹੁਣ ਤੱਕ ਸ਼ਾਇਦ ਮਰੀਜ਼ੁਆਨਾ ਜਾਂ ਕਿਸੇ ਹੋਰ ਨਸ਼ੇ ਨਾਲ ਮਸਤ ਹੋਣਗੇ। ਅਸੀਂ ਮਸੀਹੀ ਪਰਿਵਾਰ ਸਮੂਹ, ਇੱਕ ਝੁੰਡ ਅਤੇ ਇੱਕ ਛੋਟੀ ਕਲੀਸਿਯਾ ਹਾਂ। ਕੀ ਤੂੰ ਇੱਥੇ ਗਲਤੀ ਨਾਲ ਆਈ ਹੈਂ?''

''ਇਹ ਸਭ ਤੋਂ ਕਿਸਮਤ ਵਾਲੀ ਗਲਤੀ ਸੀ ਜੋ ਮੈਂ ਕੀਤੀ ਹੈ। ਮੈਂ ਕਦੀ ਵੀ ਅਜਿਹਾ ਅਨੰਦ ਅਤੇ ਪਿਆਰ ਨਹੀਂ ਵੇਖਿਆ ਸੀ''

# ਦੂਜਾ ਅਧਿਆਏ

# ਵਿਕਟਰ ਅਤੇ ਲੋਰੀ ਨੂੰ ਸਦੀਪਕ ਮੁਕਤੀ ਦਾ ਭਰੋਸਾ ਕਿਵੇਂ ਮਿਲਿਆ?

ਲੋਰੀ ਨੇ ਵਾਪਸ ਘਰ ਆ ਕੇ ਵਿਕਟਰ ਨੂੰ ਪਰਮੇਸ਼ੁਰ ਦੀ ਕਿਰਪਾ ਦੀ ਅਨੋਖੀ ਨਦੀ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ। ''ਇਹ ਬਹੁਤ ਵੱਡੀ ਹੈ! ਸਵਾਮੀ, ਮੇਰਾ ਮਤਲਬ ਮਸੀਹੀ ਗੁਰੂ ਜਾਂ ਕੋਈ ਵੀ, ਉਹ ਉਸਨੂੰ ਕਹਿੰਦੇ ਹਨ ਉਸਨੇ ਕਿਹਾ ਕਿ ਜੇਕਰ ਸਾਰੀਆਂ ਨਦੀਆਂ ਐਮਾਜੋਨ, ਨਾਈਲ ਅਤੇ ਗੰਗਾ ਨੂੰ ਮਿਲਾ ਦਿੱਤਾ ਜਾਵੇ ਤਾਂ ਕਿਰਪਾ ਦੀ ਨਦੀ ਸਭਨਾਂ ਨਾਲੋਂ ਵੱਡੀ ਹੈ। ਇਹ ਪਰਮੇਸ਼ੁਰ ਦੇ ਸਵਰਗੀ ਸਿੰਘਾਸਣ ਤੋਂ ਲਗਾਤਾਰ ਵਹਿੰਦੀ ਰਹਿੰਦੀ ਹੈ।''

ਵਿਕਟਰ ਨੇ ਕਿਹਾ, ''ਤੇਰਾ ਕੀ ਮਤਲਬ ਹੈ?'' ''ਧਰਤੀ ਉੱਤੇ ਅਜਿਹੀ ਕੋਈ ਨਦੀ ਨਹੀਂ ਹੈ!''

''ਉਨ੍ਹਾਂ ਦੇ ਆਗੂ ਟੀਨੋ ਨੇ ਕਿਹਾ ਹੈ, ਕਿ ਕਿਰਪਾ ਦੀ ਨਦੀ ਸਾਡੇ ਬਹੁਤ ਹੀ ਨੇੜਿਓਂ ਗੁਜਰਦੀ ਹੈ ਤਾਂ ਕਿ ਅਸੀਂ ਇਸ ਵਿੱਚੋਂ ਕਿਸੇ ਵੀ ਪਲ ਪੀ ਸਕਦੇ ਹਾਂ, ਕਿਉਂਕਿ ਪਵਿੱਤਰ ਆਤਮਾ ਸਾਡੇ ਉਨਾ ਹੀ ਨੇੜੇ ਹੈ, ਜਿੰਨੀ ਹਵਾ ਜਿਸ ਨਾਲ ਅਸੀਂ ਸਾਹ ਲੈਂਦੇ ਹਾਂ।''

''ਕੀ ਉਹ ਮਸੀਹੀ ਲੋਕ ਹਨ?''

''ਉਨ੍ਹਾਂ ਕਿਹਾ ਕਿ ਉਹ ਯਿਸੂ ਮਸੀਹ ਨੂੰ ਪਿਆਰ ਕਰਦੇ ਹਨ। ਉਹ ਉਸਦੇ ਬਾਰੇ ਬਹੁਤ ਗੱਲਾਂ ਕਰਦੇ ਹਨ। ਮੇਜਬਾਨ ਟੀਨੋ ਨੇ ਕਿਹਾ ਕਿ ਜਦੋਂ ਸਾਡੀ ਨਿਹਚਾ ਪਰਮੇਸ਼ੁਰ ਵਿੱਚ ਕਮਜ਼ੋਰ ਪੈ ਜਾਂਦੀ ਹੈ, ਅਸੀਂ ਸ਼ੈਤਾਨ ਦੇ ਝੂਠ ਨੂੰ ਸੁਣਦੇ ਹਾਂ ਅਤੇ ਜੀਵਨ ਦੇ ਪਾਣੀ ਤੋਂ ਨਜ਼ਰ ਹਟਾ ਲੈਂਦੇ ਹਾਂ। ਸਾਡੀਆਂ ਆਤਮਾਵਾਂ ਪਿਆਸੀਆਂ ਹੋ ਜਾਂਦੀਆਂ ਹਨ ਅਤੇ ਸੁੱਕ ਜਾਂਦੀਆਂ ਹਨ। ਉਸਨੇ ਇਹ ਵੀ ਕਿਹਾ ਕਿ ਜਦੋਂ ਅਸੀਂ ਪਰਮੇਸ਼ੁਰ ਦੀ ਕਿਰਪਾ ਤੇ ਸ਼ੱਕ ਕਰਦੇ ਹਾਂ ਤਾਂ ਅਸੀਂ ਕਾਨੂੰਨੀ ਪੰਡਤ ਬਣ ਜਾਂਦੇ ਹਾਂ।''

ਵਿਕਟਰ ਨੇ ਜ਼ੋਰ ਨਾਲ ਕਿਹਾ, ''ਰੁਕ! ਤੂੰ ਮੈਨੂੰ ਪਿੱਛੇ ਛੱਡ ਗਈ!'' ''ਤੂੰ ਉਹ ਸਭਾ ਵਿੱਚ ਕੀ ਪੀਤਾ?'' ਕੀ ਤੂੰ ਨਸ਼ਿਆਂ ਦਾ ਪ੍ਰਯੋਗ ਕੀਤਾ? ਉਨ੍ਹਾਂ ਦਾ ਕੀ ਮਤਲਬ ਸੀ, ਜਦੋਂ ਉਨ੍ਹਾਂ ਕਿਹਾ, ਕਾਨੂੰਨੀ ਪੰਡਤ?''

''ਬਹੁਤ ਸਾਰੇ ਪ੍ਰਸ਼ਨ! ਮੈਂ ਸੋਚਦੀ ਹਾਂ ਉਨ੍ਹਾਂ ਦਾ ਮਤਲਬ ਸੀ ਕਿ ਅਸੀਂ ਗੈਰ ਜਰੂਰੀ ਧਾਰਮਿਕ ਨਿਯਮਾਂ ਦੀ ਪਾਲਣਾ ਕਰਕੇ ਆਪਣੇ ਆਪ ਨੂੰ ਪਵਿੱਤਰ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਕਿਰਪਾ ਦੀ ਨਦੀ ਤੋਂ ਮੁੜ ਜਾਂਦੇ ਹਾਂ ਅਤੇ ਅਸੀਂ ਦੂਜਿਆਂ ਨੂੰ ਵੀ ਮੁਫ਼ਤ ਪੀਣ ਤੋਂ ਦੂਰ ਰੱਖਦੇ ਹਾਂ। ਅਸੀਂ ਆਪਣੇ ਦਿਲਾਂ ਵਿੱਚ ਪਰਮੇਸ਼ੁਰ ਦੇ ਕੰਮ ਦੀ ਬਜਾਏ ਮਨੁੱਖੀ ਸੰਸਕਾਰਾਂ ਅਤੇ ਧਾਰਮਿਕ ਕੰਮਾਂ ਨੂੰ ਸਥਾਨ ਦੇਂਦੇ ਹਾਂ।''

''ਕੀ ਉਨਾਂ ਤੇਜ਼ ਧੂਪ ਧੁਖਾਈ ਸੀ? ਇਸਨੂੰ ਵੱਡੇ 'ਚਿੱਤਰ' ਨਾਲ ਸਜਾਇਆ ਸੀ? ਕੀ ਉਨ੍ਹਾਂ ਬਿਜਲੀ ਦੇ ਨਿਰਾਲੇ ਜੰਤਰਾਂ ਦਾ ਪ੍ਰਯੋਗ ਕੀਤਾ ਸੀ?''

''ਓਹ, ਨਹੀਂ! ਵਿਕਟਰ, ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਸੀ। ਉਨ੍ਹਾਂ ਕਿਹਾ ਕਿ ਕਿਰਪਾ, ਪਿਆਰ, ਖੁਸ਼ੀ ਅਤੇ ਮਾਫ਼ੀ ਲਿਆਉਂਦੀ ਹੈ। ਇਹ ਲੋਕਾਂ ਦੁਆਰਾ ਪਰਮੇਸ਼ੁਰ ਵੱਲੋਂ ਵਹਿੰਦੀ ਹੈ ਨਾ ਕਿ ਬਿਜਲੀ ਦੇ ਜੰਤਰ, ਸੁੰਦਰ ਇਮਾਰਤਾਂ, ਖੁਸ਼ਬੂਦਾਰ ਧੂਪਾਂ ਜਾਂ ਰਹੱਸਮਈ ਮੰਤਰਾਂ ਤੋਂ''।

ਉਸ ਹਫ਼ਤੇ ਦੇ ਬਾਅਦ ਟੀਨੋ ਅਤੇ ਜੂਲੀ, ਵਿਕਟਰ ਅਤੇ ਲੋਰੀ ਕੋਲ ਆਏ। ਟੀਨੋ ਨੇ ਵਿਕਟਰ ਨੂੰ ਪੁੱਛਿਆ, ''ਕੀ ਅਸੀਂ ਤੁਹਾਨੂੰ ਸ਼ੁਭ ਸਮਾਚਾਰ, ਮਸੀਹ ਦੀ ਮੌਤ ਅਤੇ ਜੀ ਉੱਠਣ ਦੀ ਸੱਚੀ ਕਹਾਣੀ ਬਾਰੇ ਦੱਸੀਏ? ਯਿਸੂ ਉਨ੍ਹਾਂ ਸਭਨਾਂ ਲਈ ਮਾਫ਼ੀ ਅਤੇ ਸਦੀਪਕ ਜੀਵਨ ਦਾ ਵਾਅਦਾ ਦੇਂਦਾ ਹੈ, ਜਿਹੜੇ ਲੋਕ ਉਸ ਤੇ ਭਰੋਸਾ ਕਰਦੇ ਹਨ ਤੇ ਪਰਮੇਸ਼ੁਰ ਵੱਲ ਮੁੜਦੇ ਹਨ।''

''ਕਿਰਪਾ ਕਰਕੇ ਦੱਸੋ। ਬੈਠ ਜਾਓ। ਲੋਰੀ, ਚਾਹ ਲਿਆਓ।''

ਟੀਨੋ ਨੇ ਲੂਕਾ 24:46-48 ਵਿੱਚੋਂ ਪੜ੍ਹਿਆ ਅਤੇ ਇਸਦਾ ਖੁਲਾਸਾ ਕੀਤਾ। ''ਪਰਮੇਸ਼ੁਰ ਸਾਰੀਆਂ ਕੌਮਾਂ ਨੂੰ ਮਾਫ਼ ਕਰਦਾ ਹੈ, ਜਦੋਂ ਉਹ ਪਰਮੇਸ਼ੁਰ ਵੱਲ ਮੁੜਦੇ ਹਨ ਅਤੇ ਯਿਸੂ ਦੀ ਮੌਤ ਅਤੇ ਜੀ ਉੱਠਣ ਦਾ ਸ਼ੁਭ ਸਮਾਚਾਰ ਪ੍ਰਾਪਤ ਕਰਦੇ ਹਨ, ਜਿਸ ਦੁਆਰਾ ਉਸਨੇ ਸਾਨੂੰ ਸਾਡੇ ਪਾਪਾਂ ਤੋਂ ਬਚਾਇਆ ਅਤੇ ਸਾਨੂੰ ਸਦੀਪਕ ਜੀਵਨ ਦਿੱਤਾ ਹੈ।''

''ਇਹ ਗੱਲ ਬਹੁਤ ਹੀ ਸੱਚੀ ਜਾਪਦੀ ਹੈ, ''ਵਿਕਟਰ ਨੇ ਵਿਚਾਰਿਆ। ਉਸਨੇ ਇਸ ਬਾਰੇ ਬਹੁਤ ਸਾਰੇ ਪ੍ਰਸ਼ਨ ਪੁੱਛੇ।

ਟੀਨੋ ਅਤੇ ਜੂਲੀ ਨੇ ਜਾਣ ਤੋਂ ਪਹਿਲਾਂ, ਉਨ੍ਹਾਂ ਨੇ ਵਿਕਟਰ ਅਤੇ ਲੋਰੀ ਨੂੰ ਉਸ ਸਭਾ ਵਿੱਚ ਆਉਣ ਦਾ ਸੱਦਾ ਦਿੱਤਾ ਜੋ ਅਗਲੀ ਸ਼ਾਮ ਨੂੰ ਟੀਨੋ ਦੇ ਘਰ ਹੋਣ ਵਾਲੀ ਸੀ। ਸਭਾ ਵਿੱਚ ਇਸ਼ਮਾਏਲ ਬਜ਼ੁਰਗ ਜਿਹੜਾ ਟੀਨੋ ਦੀ ਇਸ ਛੋਟੇ ਸਮੂਹ ਦੀ ਅਗਵਾਈ ਕਰਨ ਵਿੱਚ ਮਦਦ ਕਰਦਾ ਸੀ, ਉਸਨੇ ਵਿਕਟਰ ਨੂੰ ਕਿਹਾ, ''ਮੈਂ ਸੁਣਿਆ, ਹੈ ਤੂੰ ਵੈਲਡਰ ਹੈਂ। ਮੇਰੀ ਵੈਲਡਿੰਗ ਕਰਨ ਦੀ ਦੁਕਾਨ ਹੈ ਅਤੇ ਮੈਨੂੰ ਵੈਲਡਰ ਦੀ ਲੋੜ ਹੈ।''

ਅਗਲੇ ਦਿਨ ਵਿਕਟਰ ਨੇ ਇਸ਼ਮਾਏਲ ਦੀ ਦੁਕਾਨ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸੇ ਨੇ ਉਸ ਰਾਤ ਲੋਰੀ ਨੂੰ ਕੱਸ ਕੇ ਜੱਫੀ ਪਾਈ ਅਤੇ ਉਸਨੂੰ ਪੁੱਛਿਆ, ਕੀ ਤੂੰ ਸੋਚਦੀ ਹੈਂ ਕਿ ਅਸੀਂ ਵੀ ਮਸੀਹੀ ਲੋਕਾਂ ਵਾਂਗ ਪ੍ਰਾਰਥਨਾ ਕਰ ਸਕਦੇ ਹਾਂ ਅਤੇ ਮੇਰੀ ਨਵੀਂ ਨੌਕਰੀ ਲਈ ਪਰਮੇਸ਼ੁਰ ਦਾ ਧੰਨਵਾਦ ਕਰ ਸਕਦੇ ਹਾਂ?''

''ਇਹ ਪਹਿਲੀ ਵਾਰ ਹੋਵੇਗਾ ਕਿ ਮੈਂ, ਮੇਰੇ ਆਪਣੇ ਸ਼ਬਦਾਂ ਦਾ ਇਸਤੇਮਾਲ ਕਰਦੇ ਹੋਏ, ਜਿਵੇਂ ਸਾਡੇ ਨਵੇਂ ਮਿੱਤਰ ਕਰਦੇ ਹਨ, ਪ੍ਰਾਰਥਨਾ ਕਰਾਂਗਾ।''

ਇੱਕ ਹੋਰ ਅਗਲੀ ਸਭਾ ਵਿੱਚ ਵਿਕਟਰ ਅਤੇ ਲੋਰੀ ਨੇ ਸਰਬ ਸ਼ਕਤੀਮਾਨ ਪਰਮੇਸ਼ੁਰ ਦੇ ਇਲਾਹੀ ਪੁੱਤਰ ਯਿਸੂ ਨੂੰ ਪ੍ਰਾਰਥਨਾ ਕੀਤੀ ਅਤੇ ਉਸ ਕੋਲੋਂ ਉਨ੍ਹਾਂ ਨੂੰ, ਉਨ੍ਹਾਂ ਦੇ ਪਾਪਾਂ ਤੋਂ ਬਚਾਉਣ ਲਈ ਆਖਿਆ। ਬਹੁਤ ਸਾਰੇ ਵਿਸ਼ਵਾਸੀ ਗੱਲ ਕਰਨ ਲਈ ਰੁਕੇ ਰਹੇ। ਲੋਰੀ ਨੇ ਉਨ੍ਹਾਂ ਨੂੰ ਦੱਸਿਆ, ਮੈਂ ਬਹੁਤ ਜ਼ਿਆਦਾ ਸ਼ਾਂਤੀ ਮਹਿਸੂਸ ਕਰਦੀ ਹਾਂ।''

ਟੀਨੋ ਨੇ ਬੇਨਤੀ ਕੀਤੀ ''ਕਿਉਂਕਿ ਹੁਣ ਤੁਸੀਂ ਤੋਬਾ ਕਰ ਲਈ ਹੈ ਅਤੇ ਸਾਡੇ ਪ੍ਰਭੂ ਯਿਸੂ ਮਸੀਹ ਤੇ ਭਰੋਸਾ ਕੀਤਾ ਹੈ, ਤੁਹਾਨੂੰ ਬਪਤਿਸਮਾ ਲੈਣਾ ਚਾਹੀਦਾ ਹੈ।''

''ਟੀਨੋ, ਰੁੱਕ ਜਾਹ!'' ਦੁਕਾਨ ਦੇ ਮਾਲਕ ਇਸ਼ਮਾਏਲ ਨੇ ਬਹਿਸ ਕੀਤੀ। ''ਉਨ੍ਹਾਂ ਦੇ ਬਦਲਾਓ ਦੀ ਪੁਸ਼ਟੀ ਕਰਨ ਲਈ ਉਨ੍ਹਾਂ ਨੂੰ ਪਹਿਲਾਂ ਆਪਣੇ ਜੀਵਨਾਂ ਨੂੰ ਸਹੀ ਕਰਨਾ ਚਾਹੀਦਾ ਹੈ। ਸਭ ਕੁਝ! ਵਿਕਟਰ ਮੇਰੇ ਲਈ ਧਾਤਾਂ ਨੂੰ ਜੋੜਦਾ ਹੈ ਅਤੇ ਜਦੋਂ ਉਹ ਜੋੜਨ ਵਿੱਚ ਅਸਫਲ ਹੁੰਦਾ ਹੈ, ਉਹ ਕਈ ਵਾਰ ਗੰਦੀ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਲੋਰੀ ਤੈਨੂੰ ਵੀ ਇੱਕ ਮਸੀਹੀ ਵਾਗੂੰ ਬਸਤਰ ਪਾਉਣੇ ਸਿੱਖਣੇ ਚਾਹੀਦੇ ਹਨ। ਤੂੰ ਬਹੁਤ ਜਿਆਦਾ ਸ਼ਿੰਗਾਰ ਕਰਦੀ ਹੈ। ਵਿਕਟਰ, ਤੈਨੂੰ ਸਿਗਰਟ ਬੀੜੀਆਂ ਪੀਣਾ ਬੰਦ ਕਰਨਾ ਚਾਹੀਦਾ ਹੈ। ਤੁਹਾਨੂੰ ਦੋਹਾਂ ਨੂੰ ਸਾਡੀਆਂ ਸਾਰੀਆਂ ਸਿੱਖਿਆਵਾਂ ਨੂੰ ਸਿੱਖਣ ਲਈ ਘੱਟੋ ਘੱਟ ਇੱਕ ਸਾਲ ਇੰਤਜ਼ਾਰ ਕਰਨਾ ਚਾਹੀਦਾ ਹੈ। ੦ਫਿਰ, ਜੇਕਰ ਤੁਸੀਂ ਇਸ ਦੌਰਾਨ ਪਾਪ ਵਿੱਚ ਨਹੀਂ ਡਿੱਗਦੇ, ਅਸੀਂ ਤੁਹਾਨੂੰ ਬਪਤਿਸਮਾ ਦੇ ਸਕਦੇ ਹਾਂ।'' ਲੋਰੀ ਉਸ ਨੂੰ ਪੱਖਪਾਤੀ ਹੋਣ ਕਰਕੇ ਕੁਝ ਕਹਿਣਾ ਚਾਹੁੰਦੀ ਸੀ, ਪਰ ਉਹ ਅਜਿਹੇ ਮਜਬੂਤ ਦਿਮਾਗ ਵਾਲੇ ਮਨੁੱਖ ਦਾ ਸਾਹਮਣਾ ਕਰਨ ਤੋਂ ਡਰ ਗਈ ਸੀ। ਇਸ਼ਮਾਏਲ ਦੀ ਚੌੜੀ ਛਾਤੀ ਸੀ, ਗਠੀਲੀਆਂ ਅਤੇ ਵੱਡੀਆਂ ਬਾਹਾਂ ਸਨ, ਸ਼ਕਤੀਸ਼ਾਲੀ ਹੱਥ ਸਨ। ਉਸਦੇ ਚਿਹਰੇ ਤੇ ਦ੍ਰਿੜ੍ਹਤਾ ਝਲਕਦੀ ਸੀ। ਉਹ ਕਦੀ ਵੀ ਨਹੀਂ ਸੀ ਹੱਸਿਆ।

''ਇਸ਼ਮਾਏਲ''। ਟੀਨੋ ਨੇ ਵਿਰੋਧ ਕੀਤਾ, ''ਚੇਲਿਆਂ ਨੇ ਨਵੇਂ ਵਿਸ਼ਵਾਸੀਆਂ ਦੀ ਨਿਹਚਾ ਦੀ ਇਸ ਤ੍ਰਰਾਂ ਪੁਸ਼ਟੀ ਨਹੀਂ ਕੀਤੀ।''

ਇਸ਼ਮਾਏਲ ਨੇ ਧਿਆਨ ਨਹੀਂ ਦਿੱਤਾ। ਉਸਨੇ ਵਿਕਟਰ ਦੇ ਹੱਥ ਵਿੱਚ ਇੱਕ ਕਾਗਜ ਫੜਾਇਆ। ''ਇਹ ਕੁਝ ਨਿਯਮਾਂ ਦੀ ਲਿਸਟ ਹੈ ਜੋ ਮੈਂ ਆਪਣੇ ਸਮੂਹ ਵਿੱਚ ਕਨੂੰਨੀ ਤੌਰ ਤੇ ਮੈਂਬਰ ਬਣਨ ਲਈ, ਨਵੇਂ ਵਿਸ਼ਵਾਸੀਆਂ ਦੀ ਆਗਿਆ ਮੰਨਣ ਲਈ ਬਣਾਈ ਹੈ। ਸਾਰੇ ਨਵੇਂ ਮੈਂਬਰਾਂ ਨੂੰ ਪਹਿਲਾਂ ਨਸ਼ੇ, ਸ਼ਰਾਬ, ਹਰਾਮਕਾਰੀ, ਤਾਸ਼ ਖੇਡਣਾ, ਸਭ ਪ੍ਰਕਾਰ ਦੇ ਨਾਚ, ਸਿਗਟਰ ਬੀੜੀਆਂ ਪੀਣਾ, ਗੰਦੀ ਭਾਸ਼ਾ ਅਤੇ ਸੰਸਾਰਿਕ ਸੰਗੀਤ ਛੱਡਣਾ ਚਾਹੀਦਾ ਹੈ ਅਤੇ ਇਹ ਸਭ ਗੱਲਾਂ ਲਿਸਟ ਵਿੱਚ ਲਿਖੀਆਂ ਹੋਈਆਂ ਹਨ। ਤੁਹਾਨੂੰ ਹਫ਼ਤੇ ਵਿੱਚ ਇਕ ਵਾਰ ਰੋਜਾ ਰੱਖਣਾ ਚਾਹੀਦਾ ਹੈ ਅਤੇ ਦਿਨ ਵਿੱਚ ਘੱਟੋ ਘੱਟ ਦੋ ਘੰਟੇ ਪ੍ਰਾਰਥਨਾ ਵਿੱਚ ਬਿਤਾਉਣੇ ਚਾਹੀਦੇ ਹਨ। ਤੁਹਾਨੂੰ ਸਾਡੇ ਅੱਗੇ ਸਾਬਿਤ ਕਰਨਾ ਪਵੇਗਾ ਕਿ ਤੁਸੀਂ ਪੂਰੀ ਤਰ੍ਹਾਂ ਪਵਿੱਤਰ ਜੀਵਨ ਬਿਤਾ ਰਹੇ ਹੋ!''

ਜੂਲੀ ਨੇ ਲੋਰੀ ਦੇ ਕੰਨ ਵਿੱਚ ਕਿਹਾ, ''ਮੈਨੂੰ ਡਰ ਹੈ ਕਿ ਇਸ਼ਮਾਏਲ ਨੂੰ ਇਹ ਰਵੱਈਆ ਕਿਸੇ ਗਲਤ ਵਿਅਕਤੀ ਤੋਂ ਮਿਲਿਆ ਹੈ। ਉਸਦੇ ਬੇਤੁਕੇ ਨਿਯਮਾਂ ਦਾ ਨਤੀਜਾ ਸ਼ੈਤਾਨ ਦੀ ਵੱਲੋਂ ਇੱਕ ਹਥਿਆਰ ਹੈ ਜੋ ਲੋਕਾਂ ਨੂੰ ਪਰਮੇਸ਼ੁਰ ਦੀ ਕਿਰਪਾ ਦੀ ਵਡਿਆਈ ਕਰਨ ਤੋਂ ਰੋਕਦਾ ਹੈ। ਇੱਕ ਚਮਕਦਾ ਤੀਰ ਜਿਸ ਤੇ ''ਕਾਨੂੰਨਵਾਦ'' ਦਾ ਲੇਬਲ ਲੱਗਾ ਹੈ।''

ਇਸ਼ਮਾਏਲ ਨੇ ਜੂਲੀ ਨੂੰ ਕੰਨ ਵਿੱਚ ਕੁੱਝ ਕਹਿੰਦਿਆਂ ਸੁਣ ਲਿਆ ਅਤੇ ਉਸਦੀ ਅਵਾਜ਼ ਹੋਰ ਵੀ ਉੱਚੀ ਹੋ ਗਈ ਅਤੇ ਉਹ ਗੁੱਸੇ ਵਿੱਚ ਆ ਗਿਆ। ''ਸਾਨੂੰ ਪਰਮੇਸ਼ੁਰ ਦੀ ਕਿਰਪਾ ਨਾਲ ਸਾਵਧਾਨ ਰਹਿਣਾ ਚਾਹੀਦਾ ਹੈ। ਅਸੀਂ ਇੰਨੀ ਤੇਜੀ ਨਾਲ ਅੱਗੇ ਨਹੀਂ ਵੱਧ ਸਕਦੇ, ਜਿਵੇਂ ਟੀਨੋ ਚਾਹੁੰਦਾ ਹੈ ਅਸੀਂ ਕਰੀਏ। ਜਦੋਂ ਇੱਕ ਪਾਪੀ ਮਸੀਹੀ ਬਣਦਾ ਹੈ, ਉਸਨੂੰ ਧਾਰਮਿਕ ਕਾਰਜ ਕਰਕੇ ਅਤੇ ਇਸ ਲਿਸਟ ਵਿੱਚ ਜਿੰਨੇ ਪਾਪ ਹਨ, ਸਾਰਿਆਂ ਨੂੰ ਨਜ਼ਰ ਅੰਦਾਜ ਕਰਕੇ ਸਾਡੀ ਪ੍ਰਵਾਨਗੀ ਪ੍ਰਾਪਤ ਕਰਨੀ ਚਾਹੀਦੀ ਹੈ।''

ਲੋਰੀ ਨੇ ਉਸ ਲਿਸਟ ਨੂੰ ਪੜ੍ਹਨਾ ਸ਼ੁਰੂ ਕੀਤਾ, ਜਿਹੜੀ ਇਸ਼ਮਾਏਲ ਨੇ ਵਿਕਟਰ ਦੇ ਹੱਥ ਵਿੱਚ ਫੜਾਈ ਸੀ। ਇਸ਼ਮਾਏਲ ਨੇ ਉਸਨੂੰ ਕਿਹਾ, ''ਤੁਹਾਨੂੰ ਸਾਡੇ ਵਿਸ਼ਵਾਸ ਦੀਆਂ ਸਾਰੀਆਂ ਸਿੱਖਿਆਵਾਂ ਬਾਰੇ ਵੀ ਸਿੱਖਣਾ ਚਾਹੀਦਾ ਹੈ। ਮੇਰੇ ਕੋਲ ਇੱਕ ਹੋਰ 79 ਸਿੱਖਿਆਵਾਂ ਦੀ ਲਿਸਟ ਹੈ, ਜਿਨ੍ਹਾਂ ਨੂੰ ਕਾਨੂੰਨੀ ਮੈਂਬਰ ਬਣਨ ਤੋਂ ਪਹਿਲਾਂ ਸਿੱਖਣਾ ਚਾਹੀਦਾ ਹੈ।''

ਲੋਰੀ ਨੇ ਵਿਕਟਰ ਨੂੰ ਲਿਸਟ ਫੜਾਈ ਅਤੇ ਹੌਲੀ ਜਿਹੀ ਕਿਹਾ, ''ਮੈਂ ਇਸ ਲਿਸਟ ਦੀਆਂ ਸਾਰੀਆਂ ਗੱਲਾਂ ਨੂੰ ਕਦੀ ਵੀ ਯਾਦ ਨਹੀਂ ਕਰ ਸਕਦੀ।''

ਵਿਕਟਰ ਨੇ ਉਹ ਲਿਸਟ ਇਸ਼ਮਾਏਲ ਨੂੰ ਵਾਪਸ ਕਰ ਦਿੱਤੀ। ''ਇਹ ਸਾਨੂੰ ਸਮੂਹ ਵਿੱਚੋਂ ਬਾਹਰ ਕੱਢ ਦੇਂਦੀ ਹੈ। ਇਹ ਸਾਡੇ ਲਈ ਬਹੁਤ ਜਿਆਦਾ ਹੈ। ਮੈਨੂੰ ਅਫਸੋਸ ਹੈ।''

ਵਿਕਟਰ ਨੇ ਜੋ ਕਿਹਾ, ਟੀਨੋ ਨੇ ਸੁਣ ਲਿਆ ਸੀ ਅਤੇ ਨਿਮਰਤਾ ਨਾਲ ਇਸ਼ਮਾਏਲ ਨੂੰ ਝਿੜਕਿਆ, ''ਤੂੰ ਇਨ੍ਹਾਂ ਨਵੇਂ ਵਿਸ਼ਵਾਸੀਆਂ ਤੇ ਦਬਾ ਪਾ ਰਿਹਾ ਹੈਂ?'' ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ, ਉਹ ਨਵੇਂ ਜਨਮੇ ਹਨ, ਆਤਮਿਕ ਬੱਚੇ ਹਨ, ਤੂੰ ਉਨ੍ਹਾਂ ਕੋਲੋਂ ਉਹ ਕਰਨ ਦੀ ਮੰਗ ਕਰ ਰਿਹਾ ਹੈ ਜੋ ਬਹੁਤ ਹੀ ਘੱਟ ਸਿਆਣੇ ਮਸੀਹੀ ਲੋਕ ਪ੍ਰਾਪਤ ਕਰ ਸਕਦੇ ਹਨ। ਜੇਕਰ ਅਸੀਂ ਉਨੀਂ ਦੇਰ ਤੱਕ ਉਨ੍ਹਾਂ ਨੂੰ ਸਵੀਕਾਰ ਕਰਨ ਵਿੱਚ ਦੇਰੀ ਕਰਾਂਗੇ, ਜਦ ਤੱਕ ਉਹ ਸਾਰੀਆਂ ਸਿੱਖਿਆਵਾਂ ਨੂੰ ਨਹੀਂ ਸਿੱਖ ਜਾਂਦੇ ਅਤੇ ਆਪਣੇ ਆਪ ਨੂੰ ਹਰ ਗੱਲ ਵਿੱਚ ਸਾਬਤ ਨਹੀਂ ਕਰਦੇ ਤਾਂ ਅਸੀਂ ਉਨ੍ਹਾਂ ਨੂੰ ਨਿਰਾਸ਼ ਕਰਾਂਗੇ। ਤੇਰੀਆਂ ਮਨਾਹੀਆਂ ਦੀ ਲਿਸਟ ਵਿਅਕਤੀਗਤ ਵਿਚਾਰਾਂ ਤੋਂ ਆਉਂਦੀ ਹੈ ਨਾ ਕਿ ਵਚਨ ਵਿੱਚੋਂ। ਵਿਕਟਰ ਅਤੇ ਲੋਰੀ ਨੂੰ ਪਰਮੇਸ਼ੁਰ ਦੀ ਕਿਰਪਾ ਦੇ ਭਰੋਸੇ ਦੀ ਲੋੜ ਹੈ।'' ਟੀਨੋ ਨੇ ਉਨ੍ਹਾਂ ਲਈ ਰਸੂਲਾਂ ਦੀ ਪੁਸਤਕ ਵਿੱਚੋਂ ਪੜ੍ਹਿਆ ਕਿ ਕਿਵੇਂ ਨਵੇਂ ਤੋਬਾ ਕੀਤੇ ਵਿਸ਼ਵਾਸੀਆਂ ਨੂੰ ਉਨ੍ਹਾਂ ਦੀ ਮੁਕਤੀ ਦੀ ਪੁਸ਼ਟੀ ਕਰਨ ਦੀ ਦੇਰੀ ਤੋਂ ਬਿਨ੍ਹਾਂ ਬਪਤਿਸਮਾ ਦਿੱਤਾ ਗਿਆ ਸੀ।

ਇਸ਼ਮਾਏਲ ਨੇ ਕੁਝ ਸਮੇਂ ਲਈ ਸੁਣਿਆ ਅਤੇ ਫਿਰ ਬੁੜਬੁੜਾਇਆ, ''ਪੁਰਾਣੇ ਸਮੇਂ ਵਿੱਚ ਹਾਲਾਤ ਵੱਖਰੇ ਸਨ।''

''ਇਸ਼ਮਾਏਲ'', ਟੀਨੋ ਨੇ ਮਿੰਨਤ ਕੀਤੀ। ''ਕੀ ਤੂੰ ਭੁੱਲ ਗਿਆ ਹੈਂ ਕਿ ਵਿਕਟਰ ਅਤੇ ਲੋਰੀ ਮਸੀਹ ਵਿੱਚ ''ਬੱਚੇ'' ਵਿਸ਼ਵਾਸੀ ਹਨ? ਉਹ ਆਤਮਿਕ ਬੱਚੇ ਹਨ। ਨਵੇਂ ਜਨਮੇ! ਜਦੋਂ ਤੂੰ ਪੈਦਾ ਹੋਇਆ ਸੀ ਤਾਂ ਤੇਰੀ ਮਾਂ ਨੇ ਤੈਨੂੰ ਦਰਵਾਜੇ ਤੋਂ ਬਾਹਰ ਠੰਡ ਅਤੇ ਮੀਂਹ ਵਿੱਚ ਨਹੀਂ ਸੀ ਰੱਖਿਆ, ਜਦ ਤੱਕ ਤੂੰ ਆਪਣੇ ਪੋਤੜਿਆਂ ਨੂੰ ਗੰਦਾ ਕਰਨ ਤੋਂ ਨਹੀਂ ਹੱਟਿਆ, ਉਸੇ ਤਰ੍ਹਾਂ, ਸਾਨੂੰ ਨਵੇਂ ਜਨਮੇ ਵਿਸ਼ਵਾਸੀਆਂ ਨੂੰ ਤੁਰੰਤ ਕਲੀਸਿਯਾ ਵਿੱਚ ਲਿਆਉਣਾ ਚਾਹੀਦਾ ਹੈ ਜਿਵੇਂ ਰਸੂਲਾਂ ਨੇ ਹਮੇਸ਼ਾ ਕੀਤਾ। ਰਸੂਲਾਂ ਨੇ ਕਦੀ ਵੀ ਉਨ੍ਹਾਂ ਨੂੰ ਉਡੀਕ ਨਹੀਂ ਕਰਨ ਦਿੱਤੀ। ਰਸੂਲਾਂ ਨੇ ਬੁਰੇ ਲੋਕਾਂ ਨੂੰ, ਜਿਨ੍ਹਾਂ ਯਿਸੂ ਤੇ ਭਰੋਸਾ ਕੀਤਾ, ਸਵੀਕਾਰ ਕੀਤਾ ਅਤੇ ਬਿਨ੍ਹਾਂ ਕਿਸੇ ਦੇਰੀ ਤੋਂ ਉਨ੍ਹਾਂ ਨੂੰ ਬਪਤਿਸਮਾ ਦਿੱਤਾ। ਦੋਵੇਂ ਯਹੂਦੀਆਂ ਨੇ, ਜਿਹੜੇ ਪਰਮੇਸ਼ੁਰ ਬਾਰੇ ਪਹਿਲਾਂ ਤੋਂ ਹੀ ਜਾਣਦੇ ਸਨ ਅਤੇ ਪਰਾਈਆਂ ਕੌਮਾਂ ਜਿਹੜੀਆਂ ਪਹਿਲੀ ਵਾਰ ਉਸ ਬਾਰੇ ਸਿੱਖ ਰਹੀਆਂ ਸਨ, ਤੁਰੰਤ ਬਪਤਿਸਮਾ ਪਾਇਆ। ਬਪਤਿਸਮਾ ਪਾਉਣਾ ਸਭ ਤੋਂ ਪਹਿਲੀ ਗੱਲ ਸੀ, ਜੋ ਉਨ੍ਹਾਂ ਨਵੇਂ ਵਿਸ਼ਵਾਸੀਆਂ ਨੇ ਕੀਤੀ।''

ਉਸ ਹਫ਼ਤੇ ਦੇ ਬਾਅਦ ਪੌਲੁਸ ਨੇ ਜਵਾਨ ਜੋੜੇ ਨੂੰ ਬਪਤਿਸਮਾ ਦਿੱਤਾ। ਉਨ੍ਹਾਂ ਬਹੁਤ ਖੁਸ਼ ਮਹਿਸੂਸ ਕੀਤਾ, ਪਰ ਉਹ ਉਨ੍ਹਾਂ ਗੱਲਾਂ ਕਾਰਨ ਉਲਝਣ ਵਿੱਚ ਵੀ ਪੈ ਗਏ ਜੋ ਇਸ਼ਮਾਏਲ ਨੇ ਕਹੀਆਂ ਸਨ। ਅਗਲੀ ਸਭਾ ਵਿੱਚ, ਅਰਾਧਨਾ ਸ਼ੁਰੂ ਹੋਣ ਤੋਂ ਪਹਿਲਾਂ, ਪੌਲ ਵਿਕਟਰ ਅਤੇ ਲੋਰੀ ਨੂੰ ਨਵੇਂ ਮੈਂਬਰਾਂ ਦੇ ਰੂਪ ਵਿੱਚ ਸਾਹਮਣੇ ਪੇਸ਼ ਕਰਨਾ ਚਾਹੁੰਦਾ ਸੀ, ਪਰ ਇਸ਼ਮਾਏਲ ਨੇ ਰੋਕਿਆ, ''ਮੇਰੀ ਗੱਲ ਸੁਣੋ!'' ਉਹ ਦਰਿੜ੍ਹਤਾ ਨਾਲ ਬੋਲਿਆ।'' ਅਸੀਂ ਕਾਨੂੰਨੀ ਤੌਰ ਤੇ ਆਪਣੇ ਸਮੂਹ ਵਿੱਚ ਇਨ੍ਹਾਂ ਮੈਂਬਰਾਂ ਨੂੰ ਸਵੀਕਾਰ ਨਹੀਂ ਕਰ ਸਕਦੇ ਜਦ ਕਿ ਉਨ੍ਹਾਂ ਦੇ ਜੀਵਨਾਂ ਵਿੱਚ ਹਾਲੇ ਵੀ ਪਾਪ ਹੈ!''

ਟੀਨੋ ਨੇ ਆਪਣੀ ਸ਼ਾਂਤ ਅਵਾਜ਼ ਵਿੱਚ ਇਸ਼ਮਾਏਲ ਨੂੰ ਝਿੜਕਿਆ ''ਰਸੂਲਾਂ ਨੇ ਉਨ੍ਹਾਂ ਨੂੰ ਸਵੀਕਾਰ ਕੀਤਾ ਸੀ।'' ''ਰਸੂਲਾਂ ਨੇ ਸਾਨੂੰ ਵਿਖਾਇਆ ਕਿ ਕਿਵੇਂ ਅਸੀਂ ਨਵੇਂ ਵਿਸ਼ਵਾਸੀਆਂ ਤੇ ਦੋਸ਼ ਲਾਏ ਬਿਨ੍ਹਾਂ, ਉਨ੍ਹਾਂ ਨੂੰ ਸੁਧਾਰਨਾ ਹੈ। ਪਹਿਲਾਂ ਕੁਰਿੰਥੀਆਂ ਵਿੱਚ ਪੌਲੁਸ ਰਸੂਲ ਨੇ ਵਿਸ਼ਵਾਸੀਆਂ ਦੀਆਂ ਆਤਮਾਵਾਂ ਤੇ ਬਿਨ੍ਹਾਂ ਦੋਸ਼ ਲਾਏ ਸਭ ਤੋਂ ਬੁਰੇ ਪਾਪ ਦਾ ਸੁਧਾਰ ਕੀਤਾ। ਉਸਨੇ ਗਲਤੀ ਕਰਨ ਵਾਲੇ ਵਿਸ਼ਵਾਸੀਆਂ ਨੂੰ, ਉਨ੍ਹਾਂ ਨੂੰ ਪਰਮੇਸ਼ੁਰ ਦੀ ਕਿਰਪਾ ਦੁਆਰਾ ਪਰਮੇਸ਼ੁਰ ਦੇ ਲੇਪਾਲਕ ਪੁੱਤਰ ਹੋਣ ਦੀ ਪਦਵੀ ਬਾਰੇ ਦਿਆਲੂਤਾ ਨਾਲ ਯਾਦ ਕਰਵਾਇਆ; ਫਿਰ ਉਸਨੇ ਉਨ੍ਹਾਂ ਨੂੰ ਬੇਨਤੀ ਕੀਤੀ, ਕਿਉਂਕਿ ਜਿਸ ਕਾਰਨ ਉਹ ਮਸੀਹ ਦੇ ਨਾਲ ਇਕੱਠੇ ਪਰਮੇਸ਼ੁਰ ਦੇ ਪੁੱਤਰ ਅਤੇ ਵਾਰਸ ਸਨ, ਪਾਪੀ ਜੀਵਨ ਜੀਉਣ ਤੋਂ ਰੁਕ ਜਾਣ। ਇਸ ਲਈ...''

ਇਸ਼ਮਾਏਲ ਨੇ ਰੋਕਿਆ, ''ਤੁਸੀਂ ਪਰਮੇਸ਼ੁਰ ਦੇ ਰਾਜ ਵਿੱਚ ਅਸਾਨੀ ਨਾਲ ਦਾਖਲ ਹੁੰਦੇ ਹੋ!'' ''ਮਸੀਹੀ ਬਣਨਾ ਇੱਕ ਗੰਭੀਰ ਗੱਲ ਹੈ। ਉਦਾਹਰਣ ਲਈ, ਪੁਰਾਣੇ ਨੇਮ ਦਾ ਨਿਯਮ ਸੀ ਕਿ ਜਿਹੜੇ ਸਬਤ ਦੇ ਦਿਨ ਕੰਮ ਕਰਦੇ ਹਨ, ਸਾਨੂੰ ਉਸਨੂੰ ਪੱਥਰਾਓ ਕਰਕੇ ਮਾਰ ਦੇਣਾ ਚਾਹੀਦਾ ਹੈ।''

ਟੀਨੋ ਨੇ ਬੇਨਤੀ ਕੀਤੀ, ''ਇਸ਼ਮਾਏਲ, ਕਿਰਪਾ ਕਰਕੇ ਮੈਨੂੰ ਦੱਸਣਾ ਖਤਮ ਕਰ ਲੈਣ ਦੇਣ। ''ਨਵੇਂ ਵਿਸ਼ਵਾਸੀਆਂ ਦੇ ਅਪਰਾਧ ਹਨ, ਕੁਝ ਅਪਰਾਧ ਦੂਜਿਆਂ ਨਾਲੋਂ ਜਿਆਦਾ ਸਪੱਸ਼ਟ ਹੁੰਦੇ ਹਨ। ਇਸੇ ਲਈ ਪਰਮੇਸ਼ੁਰ ਨੇ ਲੇਲਿਆਂ ਦੀ ਨਰਮਾਈ ਨਾਲ ਅਗਵਾਈ ਕਰਨ ਲਈ, ਆਪਣੀਆਂ ਮੰਡਲੀਆਂ ਦੀ ਰਖਵਾਲੀ ਲਈ ਚਰਵਾਹੇ ਦਿੱਤੇ ਹਨ। ਨਵੇਂ ਨੇਮ ਵਿੱਚ ਬਪਤਿਸਮਾ ਬੁਰੇ ਲੋਕਾਂ ਲਈ ਸੀ। ਵਿਕਟਰ ਅਤੇ ਲੋਰੀ ਇਸ ਦੇ ਯੋਗ ਹਨ, ਕਿਉਂਕਿ ਉਨ੍ਹਾਂ ਤੋਬਾ ਵਾਲੇ ਦਿਲਾਂ ਨਾਲ ਪਰਮੇਸ਼ੁਰ ਅੱਗੇ ਆਪਣੇ ਪਾਪਾਂ ਦਾ ਇਕਰਾਰ ਕੀਤਾ ਹੈ।''

''ਤੂੰ ਕਲੀਸਿਯਾ ਦਾ ਨਿਰਾਦਰ ਕੀਤਾ ਹੈ!'' ਇਸ਼ਮਾਏਲ ਨੇ ਰੁੱਖਾ ਜਿਹਾ ਹੋ ਕੇ ਸ਼ਿਕਾਇਤ ਕੀਤੀ।

ਟੀਨੋ ਨੇ ਦਰਿੜ੍ਹਤਾ ਨਾਲ ਜਵਾਬ ਦਿੱਤਾ, ''ਤੂੰ ਪਰਮੇਸ਼ੁਰ ਦੀ ਕਿਰਪਾ ਦਾ ਨਿਰਾਦਰ ਕੀਤਾ ਹੈ।'' ''ਜਦੋਂ ਧਾਰਮਿਕ ਲੋਕਾਂ ਨੇ ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਉਨ੍ਹਾਂ ਨੂੰ ਬਪਤਿਸਮਾ ਦੇਣ ਲਈ ਕਿਹਾ, ਕਿਉਂਕਿ ਉਨ੍ਹਾਂ ਸੋਚਿਆ ਉਹ ਚੰਗੇ ਸਨ, ਉਸਨੇ ਉਨ੍ਹਾਂ ਨੂੰ 'ਸੱਪ' ਕਿਹਾ ਅਤੇ ਇਸ ਤਰ੍ਹਾਂ ਕਰਨ ਤੋਂ ਇਨਕਾਰ ਕਰ ਦਿੱਤਾ। ਪਰ ਉਸਨੇ ਉਨ੍ਹਾਂ ਲੋਕਾਂ ਨੂੰ ਤੁਰੰਤ ਬਪਤਿਸਮਾ ਦਿੱਤਾ ਜਿਹੜੇ ਆਪਣੇ ਬੁਰੇ ਮਾਰਗਾਂ ਤੋਂ ਮੁੜ ਆਏ। ਰਸੂਲਾਂ ਨੇ ਵੀ ਉਨ੍ਹਾਂ ਸਭਨਾਂ ਨੂੰ ਬਪਤਿਸਮਾ ਦਿੱਤਾ, ਜਿਨ੍ਹਾਂ ਨੇ ਤੋਬਾ ਅਤੇ ਨਿਹਚਾ ਨੂੰ ਪ੍ਰਗਟ ਕੀਤਾ ਅਤੇ ਫਿਰ ਉਨ੍ਹਾਂ ਨੂੰ ਸਿੱਖਿਆ ਦਿੱਤੀ। ਉਨ੍ਹਾਂ ਆਪਣੀਆਂ ਬੁਰੀਆਂ ਆਦਤਾਂ ਨੂੰ ਛੱਡ ਦਿੱਤਾ। ਬਾਅਦ ਵਿੱਚ, ਮਸੀਹ ਦੀ ਦੇਹ ਵਿੱਚ ਜਿੱਥੇ ਪਵਿੱਤਰ ਆਤਮਾ ਕੰਮ ਕਰਦਾ ਹੈ, ਉਨ੍ਹਾਂ ਦੀ ਪਿਆਰ ਨਾਲ ਦੇਖ ਰੇਖ ਕੀਤੀ। ਸਾਨੂੰ ਬਪਤਿਸਮੇ ਲਈ ਕਾਨੂੰਨੀ ਸ਼ਰਤਾਂ ਦੀ ਖੋਜ ਕਰਨ ਦੀ ਲੋੜ ਨਹੀਂ ਹੈ।''

''ਪਰ ਉਸ ਤੋਂ ਬਾਅਦ ਬਹੁਤ ਕੁਝ ਬਦਲ ਚੁੱਕਾ ਹੈ!'' ਇਸ਼ਮਾਏਲ ਨੇ ਦੁਹਰਾਇਆ।

''ਬੇਸ਼ੱਕ'', ਟੀਨੋ ਨੇ ਸਪੱਸ਼ਟ ਕੀਤਾ। ''ਸਮਾਜ ਬਦਲ ਚੁੱਕਾ ਹੈ। ਤਕਨੀਕ ਦਾ ਵਿਕਾਸ ਹੋ ਚੁੱਕਾ ਹੈ ਪਰ ਇਸ ਦਾ ਸਬੰਧ ਸਿਰਫ ਦੁਨਿਆਵੀ ਵਸਤਾਂ ਨਾਲ ਹੈ। ਬਪਤਿਸਮੇ ਸਬੰਧੀ ਆਤਮਿਕ ਸੱਚਾਈਆਂ ਬਦਲਣ ਰਹਿਤ ਹਨ। ਪਾਪ ਹਮੇਸ਼ਾ ਪਾਪ ਹੈ। ਕਿਰਪਾ ਹਮੇਸ਼ਾ ਕਿਰਪਾ ਰਹੀ ਹੈ। ਯਿਸੂ ਹਮੇਸ਼ਾ ਇੱਕੋ ਜਿਹਾ ਹੈ। ਪਰਮੇਸ਼ੁਰ ਦੇ ਨਵੇਂ ਜਨਮੇ ਲੇਲਿਆਂ ਲਈ ਮੁਫ਼ਤ ਕਿਰਪਾ ਲਿਆਉਣ ਲਈ ਕਲੀਸਿਯਾ ਦੀ ਜਿੰਮੇਵਾਰੀ ਕਦੀ ਨਹੀਂ ਬਦਲੀ। ਵਿਕਟਰ ਅਤੇ ਲੋਰੀ ਨੂੰ ਅੱਜ ਕਿਰਪਾ ਦੀ ਉਨੀਂ ਹੀ ਲੋੜ ਹੈ, ਜਿੰਨੀ ਪੌਲੁਸ ਨੂੰ ਦਮਿਸ਼ਕ ਦੇ ਰਸਤੇ ਵਿੱਚ ਸੀ।''

ਇਸ਼ਮਾਏਲ ਨੇ ਜਵਾਨ ਜੋੜੇ ਵੱਲ ਵੇਖਿਆ। ''ਟੀਨੋ ਜੋ ਕਹਿੰਦਾ ਹੈ, ਮੈਨੂੰ ਉਸਦੀ ਕੋਈ ਪਰਵਾਹ ਨਹੀਂ। ਵਿਕਟਰ ਤੂੰ ਮਰੇ ਲਈ ਕੰਮ ਕਰਦਾ ਹੈਂ। ਜੋ ਮੈਂ ਕਹਾਂਗਾ। ਤੂੰ ਉਵੇਂ ਹੀ ਕਰੇਂਗਾ!''

''ਉਹ ਯਿਸੂ ਦੀ ਆਗਿਆ ਮੰਨਣਗੇ!'' ਟੀਨੋ ਨੇ ਜ਼ੋਰ ਦਿੱਤਾ। ਕਿਰਪਾ ਕਰਕੇ, ਇਸ਼ਮਾਏਲ। ਅਸੀਂ ਨਵੇਂ ਵਿਸ਼ਵਾਸੀਆਂ ਨੂੰ ਉਹੋ ਕਰਨ ਲਈ ਕਹਿੰਦੇ ਹਾਂ, ਜੋ ਯਿਸੂ ਨੇ ਕਿਹਾ ਸੀ। ਉਹ ਪਿਆਰ ਨਾਲ ਯਿਸੂ ਦੀ ਆਗਿਆ ਮੰਨਣਗੇ ਨਾ ਕਿ ਸਾਡੇ ਧਮਕੀ ਲਾਉਣ ਕਾਰਨ। ਸਾਨੂੰ ਕੋਈ ਅਧਿਕਾਰ ਨਹੀਂ ਕਿ ਅਸੀਂ ਉਨ੍ਹਾਂ ਨੂੰ, ਉਸ ਤੋਂ ਕੁਝ ਵੱਖ ਕਰਨ ਲਈ ਮਜ਼ਬੂਰ ਕਰੀਏ ਜੋ ਰਸੂਲਾਂ ਨੇ ਨਵੇਂ ਵਿਸ਼ਵਾਸੀਆਂ ਨੂੰ ਕਿਹਾ ਸੀ।

ਇਸ਼ਮਾਏਲ, ਕੀ ਤੈਨੂੰ ਪਸੰਦ ਹੈ ਕਿ ਉਹ ਮਸੀਹ ਦੀ ਆਗਿਆ ਮੰਨਣ ਦੀ ਬਜਾਏ ਤੇਰੀ ਆਗਿਆ ਮੰਨਣ? ਕੀ ਤੂੰ ਚਾਹੁੰਦਾ ਹੈ, ਕਿ ਉਹ ਯਿਸੂ ਮਸੀਹ ਦੇ ਪਿੱਛੇ ਚੱਲਣ ਦੀ ਬਜਾਏ ਤੇਰੇ ਪਿੱਛੇ ਚੱਲਣ ਅਤੇ ਮਸੀਹ ਅਤੇ ਉਸਦੇ ਰਸੂਲਾਂ ਦੇ ਹੁਕਮ ਮੰਨਣ ਦੀ ਬਜਾਏ, ਤੇਰੇ ਹੁਕਮ ਮੰਨਣ?''

ਇਸ਼ਮਾਏਲ ਨੇ ਕਿਹਾ, ''ਮੈਂ ਇੱਕ ਮਹਿਮਾਨ ਦੀ ਪਹਿਚਾਣ ਕਰਵਾਉਣਾ ਚਾਹੁੰਦਾ ਹਾਂ। ਇੱਕ ਮਨੁੱਖ ਕਮਰੇ ਵਿੱਚ ਉਸ ਪਲ ਦਾਖਲ ਹੋਇਆ ਸੀ, ਜਦੋਂ ਵਿਚਾਰ ਵਿਮਰਸ਼ ਸ਼ੁਰੂ ਹੋ ਚੁੱਕਾ ਸੀ। ਵਿਕਟਰ ਅਤੇ ਲੋਰੀ ਨੇ ਉਸ ਮਨੁੱਖ ਨੂੰ ਪਹਿਲਾਂ ਕਦੀ ਨਹੀਂ ਵੇਖਿਆ ਸੀ।'' ਇਸ਼ਮਾਏਲ ਨੇ ਘੋਸ਼ਣਾ ਕੀਤੀ, ''ਆਰਥਰ ਇੱਕ ਅਜਿਹਾ ਅਦਭੁੱਤ ਮਨੁੱਖ ਹੈ ਜਿਸਨੂੰ ਆਤਮਿਕਤਾ ਬਾਰੇ ਬਹੁਤ ਲਗਨ ਹੈ। ਉਹ ਦੇਰ ਰਾਤ ਦੇ ਸਮੇਂ ਟੈਕਸੀ ਚਲਾਉਂਦਾ ਹੈ, ਜਦ ਕਿ ਅਸੀਂ ਬਾਕੀ ਸਾਰੇ ਸੌਂ ਰਹੇ ਹੁੰਦੇ ਹਾਂ। ਦਿਨ ਦੇ ਸਮੇਂ ਉਹ ਪਰਮੇਸ਼ੁਰ ਦੀ ਸੇਵਾ ਕਰਦਾ ਹੈ। ਇਸ ਲਈ ਮੈਨੂੰ ਨਹੀਂ ਪਤਾ ਉਹ ਕਦੋਂ ਸੌਂਦਾ ਹੈ!''

ਦੂਜਿਆਂ ਨੇ ਆਰਥਰ ਨੂੰ ਜੀ ਆਇਆਂ ਆਖਿਆ, ਫਿਰ ਇਸ਼ਮਾਏਲ ਨੇ ਉਸਨੂੰ ਪੁੱਛਿਆ, ''ਆਰਥਰ ਤੂੰ ਇਸ ਬਾਰੇ ਕੀ ਸੋਚਦਾ ਹੈ, ਜਿਸ ਬਾਰੇ ਹੁਣ ਤੱਕ ਅਸੀਂ ਵਿਚਾਰ ਵਿਮਰਸ਼ ਕਰ ਰਹੇ ਸੀ?

ਹਫ਼ਤੇ ਵਿੱਚ ਇੱਕ ਵਾਰ ਰੋਜਾ ਰੱਖਣ ਬਾਰੇ ਗੱਲ ਮੈਨੂੰ ਬਹੁਤ ਪਸੰਦ ਆਈ। ਮੇਰੇ ਕੋਲ ਬਹੁਤ ਸਾਰੀਆਂ ਗੱਲਾਂ ਹਨ, ਜੋ ਮੈ ਤੇਰੀ ਲਿਸਟ ਵਿੱਚ ਜੋੜਨਾ ਚਾਹੁੰਦਾ ਹਾਂ। ਜਿਹੜਾ ਸਮੂਹ ਸਖ਼ਤ ਤੋਂ ਸਖ਼ਤ ਨਿਯਮਾ ਨੂੰ ਮੰਨਦਾ ਹੈ, ਉਹ ਜਿਆਦਾ ਆਤਮਿਕ ਹੈ। ਹਾਂ।ਇਹ ਗੱਲ ਯਕੀਨੀ ਬਣਾਓ ਕਿ ਨਵੇਂ ਮੈਂਬਰ ਇਮਾਨਦਾਰ ਹੋਣ।''

ਟੀਨੋ ਨੇ ਬੇਨਤੀ ਕੀਤੀ, ''ਇਸ਼ਮਾਏਲ ਅਤੇ ਆਰਥਰ, ਬਹੁਤ ਸਾਰੇ ਨਿਯਮਾ ਨੂੰ ਥੋਪਣ ਦੀ ਤੁਹਾਡੀ ਇੱਛਾ, ਸਾਨੂੰ ਪੁਰਾਣੇ ਨੇਮ ਦੀ ਬਿਵਸਥਾ ਵਿਚ ਵਾਪਸ ਲੈ ਜਾਵੇਗੀ'' ਉਸਨੇ ਵਿਕਟਰ ਅਤੇ ਲੋਰੀ ਦੇ ਚਿੰਤਤ ਚੇਹਰਿਆਂ ਵੱਲ ਵੇਖਿਆ ਅਤੇ ਕਿਹਾ, ''ਸਾਨੂੰ ਇਨ੍ਹਾਂ ਗੱਲਾਂ ਬਾਰੇ ਹੁਣ ਵਿਚਾਰ, ਵਿਸਵਾਸ਼ ਨਹੀ ਕਰਨਾ ਚਾਹੀਦਾ।''

ਆਰਥਰ ਨੇ ਕੋਈ ਧਿਆਨ ਨਹੀਂ ਦਿੱਤਾ ਅਤੇ ਵਿਕਟਰ ਨੂੰ ਹੋਰ ਬਹੁਤ ਸਾਰੀਆ ਗੱਲਾਂ ਦੱਸੀਆਂ ਜੋ ਉਹ ਵਿਸ਼ਵਾਸ਼ ਕਰਦਾ ਸੀ ਕਿ ਇੱਕ 'ਸੱਚੇ' ਮਸੀਹੀ ਨੂੰ ਕਰਨੀਆਂ ਚਾਹੀਦੀਆਂ ਹਨ। ਫਿਰ ਆਰਥਰ ਨੇ ਟੀਨੋ ਨੂੰ ਪੁੱਛਿਆਂ, ''ਪੁਰਾਣੇ ਨੇਮ ਦੇ ਕੁਝ ਨਿਯਮਾਂ ਨੂੰ ਮੰਨਣ ਵਿੱਚ ਕੀ ਗਲਤ ਹੈ?''

''ਇਸ ਵਿੱਚ ਕੀ ਗਲਤ ਹੈ ਕਿ ਤੇਰੇ ਕੋਲ ਪੁਰਾਣੇ ਨੇਮ ਦਾ ਰਵੱਈਆ ਹੈ।ਇਸ ਦੇ ਨਿਯਮਾਂ ਅਧੀਨ,ਮਨੁੱਖਾਂ ਨੇ ਪਰਮੇਸ਼ਰ ਦੀ ਪ੍ਰਵਾਨਗੀ ਨੂੰ ਉਨਾਂ ਦੇ ਕੰਮਾਂ ਦੁਆਰਾ ਪਾਉਣ ਦੀ ਕੋਸ਼ਿਸ਼ ਕੀਤੀ।ਨਵਾਂ ਨੇਮ ਜਿਸ ਤੇ ਮਸੀਹ ਨੇ ਆਪਣੇ ਲਹੂ ਨਾਲ ਮੋਹਰ ਲਾਈ, ਸਾਨੂੰ ਨਿਹਚਾ ਦੁਆਰਾ ਕਿਰਪਾ ਦੇਂਦਾ ਹੈ। ਪਰਮੇਸ਼ੁਰ ਸਾਨੂੰ ਆਪਣੀ ਕਿਰਪਾ ਦੁਆਰਾ, ਜੀ ਉੱਠੇ ਮਸੀਹ ਦੁਆਰਾ, ਆਪਣੇ ਹੱਥਾਂ ਵਿੱਚ ਸੰਭਾਲਦਾ ਹੈ, ਨਾ ਕਿ ਸਾਡੇ ਆਪਣੇ ਜਤਨਾਂ ਦੁਆਰਾ:- ਅਫ਼ਸੀਆਂ 1 ਅਧਿਆਏ:- ਵਿਕਟਕ ਅਤੇ ਲੋਰੀ ਵਰਗੇ ਨਵੇਂ ਵਿਸ਼ਵਾਸੀਆਂ ਨੂੰ ਭਰੋਸਾ ਦਿੰਦੇ ਹੈ ਕਿ ਉਹ ਦਯਾ, ਪ੍ਰੇਮ ਅਤੇ ਸ਼ਾਤੀ ਦਾ ਭਰਪੂਰ ਅਨੰਦ ਉਠਾ ਸੱਕਦੇ ਹਨ''

''ਹਾਂ, ਬੇਸ਼ੱਕ। ਮੈਂ ਆਪਣੇ ਸਾਰੇ ਮੈਬਰਾਂ ਕੋਲੋਂ ਮੰਗ ਕਰਦਾ ਹਾਂ ਕਿ ਉਹ ਉਨ੍ਹਾਂ ਦੀ ਆਮਦਨੀ ਤੋਂ ਵੱਧਕੇ ਦਸਵੰਧ ਦੇਣ। ਉਨ੍ਹਾਂ ਨੂੰ ਪਰਮੇਸ਼ੁਰ ਦੇ ਕੰਮ ਵਿੱਚ ਸਹਾਇਤਾ ਦੇਣੀ ਚਾਹੀਦੀ ਹੈ। ਵੇਖੋ ਅਸੀਂ ਉਨਾਂ ਦੇ ਧੰਨ ਨਾਲ ਕੀ ਕਰ ਸਕਦੇ ਹਾਂ। ਮੇਰੇ ਸਮੂਹ ਨੇ ਇੱਕ ਸੁੰਦਰ ਪੁਲਪਿਟ ਖਰੀਦਿਆ ਹੈ। ਹਾਂ। ਅਸੀਂ ਹੁਣ ਅਜਿਹੀਆ ਚੀਜਾਂ ਖਰੀਦ ਸਕਦੇ ਹਾਂ। ਮੈਂ ਸਾਰੇ ਵਿਸ਼ਵਾਸ਼ੀਆ ਨੂੰ ਹੋਰ ਜਿਆਦਾ ਦੇਣ ਲਈ ਤਿਆਰ ਕੀਤਾ। ਹਾਂ। ਹਾਂ। ਉਨ੍ਹਾਂ ਨੂੰ ਸਾਬਤ ਕਰਨ ਦਿਓ ਕਿ ਉਨ੍ਹਾਂ ਕੋਲ ਪਰਮੇਸ਼ੁਰ ਹੈ।''

ਲੋਰੀ ਨੇ ਹੌਲੀ ਜਿਹੀ ਵਿਕਟਰ ਦੇ ਕੰਨ ਵਿਚ ਕਿਹਾ, ''ਆਰਥਰ ਦੀਆਂ ਅੱਖਾਂ ਮੈਨੂੰ ਉੱਲੂ ਦੀਆਂ ਅੱਖਾਂ ਯਾਦ ਕਰਵਾਉਂਦੀਆਂ ਹਨ।''

ਟੈਕਸੀ ਡਰਾਈਵਰ ਬਹੁਤ ਤੇਜ਼ੀ ਨਾਲ ਬੋਲ ਰਿਹਾ ਸੀ, ਉਹ ਸਿਰਫ ਵਾਕਾਂ ਵਿਚਕਾਰ ਬੁਲ੍ਹਾਂ ਨੂੰ ਚੱਟਣ ਲਈ ਰੁਕਦਾ ਸੀ। ਉਸਦੇ ਸ਼ਬਦ ਮਸ਼ੀਨਗਨ ਵਿੱਚੋਂ ਬਾਰੂਦ ਦੀ ਤਰ੍ਹਾਂ ਨਿਕਲ ਰਹੇ ਸਨ। ਉਹ ਤੇਜ਼ੀ ਨਾਲ ਇੱਕ ਪਾਸਿਓਂ ਦੂਜੇ ਪਾਸੇ ਵੱਲ ਇਸ਼ਾਰਾ ਕਰਦਾ ਸੀ, ਜਿਵੇ ਕਿ ਉਹ ਹਰ ਇੱਕ ਜਗ੍ਹਾ ਇੱਕੋ ਸਮੇਂ ਵੇਖਣ ਦੀ ਕੋਸ਼ਿਸ ਕਰ ਰਿਹਾ ਹੋਵੇ ਜਾਂ ਕਿਸੇ ਪਿੱਛਾ ਕਰਨ ਵਾਲੇ ਤੋਂ ਬਚਣ ਦੀ ਕੋਸ਼ਿਸ ਕਰ ਰਿਹਾ ਹੋਵੇ। ਪਰ ਕੁਝ ਵੀ ਹੋਵੇ, ਜਦੋਂ ਉਹ ਕਿਸੇ ਇੱਕ ਵਿਅਕਤੀ ਨਾਲ ਗੱਲ ਕਰਦਾ ਸੀ ਉਹ ਮੂਰਤ ਵਾਗੂੰ ਅੱਗੇ ਝੁੱਕ ਜਾਂਦਾ ਸੀ ਅਤੇ ਬਿਨ੍ਹਾਂ ਅੱਖ ਝਮੱਕਿਆ ਉਨ੍ਹਾਂ ਦੀਆ ਨਜ਼ਰਾਂ ਵਿੱਚ ਇਵੇਂ ਵੇਖਦਾ ਸੀ, ਜਿਵੇਂ ਇੱਕ ਝਪਟ ਮਾਰਨ ਵਾਲਾ ਚੀਤਾ ਹੋਵੇ।

ਸਾਰੇ ਸਮੂਹ ਵਿੱਚ ਜਦੋਂ ਵਿਚਾਰ ਵਿਮਰਸ਼ ਖ਼ਤਮ ਹੋ ਗਿਆ, ਉਨ੍ਹਾਂ ਨੇ ਜੋ ਸਿਖਿਆ ਸੀ, ਗਤੀਵਿਧੀਆਂ ਦੀ ਯੋਜਨਾ ਬਣਾਉਣ ਅਤੇ ਇੱਕ ਦੂਜੇ ਲਈ ਪ੍ਰਾਰਥਨਾ ਕਰਨ ਵਾਸਤੇ ਛੋਟੇ-ਛੋਟੇ ਸਮੂਹ ਬਣਾ ਲਏ। ਟੀਨੋ, ਵਿਕਟਰ ਅਤੇ ਲੋਰੀ ਨਾਲ ਬੈਠਿਆ ਵਿਕਟਰ ਨੇ ਉਸਨੂੰ ਪੁੱਛਿਆ, ''ਕੀ ਤੇਰਾ ਸੱਚਮੁੱਚ ਇਹ ਅਰਥ ਸੀ ਕਿ ਸਾਨੂੰ ਪਰਮੇਸ਼ੁਰ ਦੀ ਪ੍ਰਵਾਨਗੀ ਜਿੱਤਣ ਲਈ ਉਹ ਸਭ ਕਰਨ ਦੀ ਲੋੜ ਨਹੀ ਹੈ, ਜੋ ਇਸ਼ਮਾਏਲ ਅਤੇ ਆਰਥਰ ਨੇ ਕਿਹਾ ਹੈ?

''ਵਿਕਟਰ, ਜਦੋਂ ਵੀ ਅਸੀਂ ਚੰਗੇ ਕੰਮ ਕਰਦੇ ਹਾਂ, ਪਰਮੇਸ਼ਰ ਹਮੇਸ਼ਾ ਪ੍ਰਸੰਨ ਹੁੰਦਾ ਹੈ। ਉਹ ਤੁਹਾਨੂੰ ਸਵਰਗ ਵਿੱਚ ਉਨ੍ਹਾਂ ਸਭਨਾਂ ਚੰਗੇ ਕੰਮਾਂ ਦਾ ਇਨਾਮ ਦੇਵੇਗਾ ਜੋ ਹੁਣ ਤੁਸੀਂ ਕਰਦੇ ਹੋ, ਪਰ ਸਾਡੇ ਚੰਗੇ ਕੰਮ ਸਾਨੂੰ ਨਹੀਂ ਬਚਾਉਂਦੇ। ਸਿਰਫ ਮਸੀਹ ਸਾਨੂੰ ਬਚਾ ਸਕਦਾ ਹੈ, ਜਿਵੇਂ ਕਿ ਉਹ ਆਪਣੀ ਮੌਤ ਅਤੇ ਜੀ ਉੱਠਣ ਵਿੱਚ ਸਾਨੂੰ ਇਨ੍ਹਾਂ ਦੁਆਰਾ ਸਹਿਭਾਗੀ ਬਣਾ ਕੇ ਕਰਦਾ ਹੈ। ਚੰਗੇ ਕੰਮ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਲਈ ਜ਼ਰੂਰੀ ਹਨ, ਪਰ ਸਿਰਫ਼ ਪਰਮੇਸ਼ੁਰ ਦੀ ਮੁਕਤੀ ਅਤੇ ਉਸਦੀ ਬਦਲਣ ਵਾਲੀ ਸ਼ਕਤੀ, ਜੋ ਸਾਡੇ ਵਿੱਚ ਕੰਮ ਕਰਦੀ ਹੈ, ਉਸਦੇ ਨਤੀਜੇ ਵਜੋਂ।''

ਅਗਲੇ ਦਿਨ ਟੀਨੋ, ਵਿਕਟਰ ਅਤੇ ਲੋਰੀ ਕੋਲ ਗਿਆ ਅਤੇ ਉਨਾਂ ਨੂੰ ਦੱਸਿਆ,'' ਮੈਨੂੰ ਅਫਸੋਸ ਹੈ ਕਿ ਕੱਲ੍ਹ ਤਹਾਨੂੰ, ਸਾਨੂੰ ਪਰਮੇਸ਼ੁਰ ਦੀ ਕਿਰਪਾ ਬਾਰੇ ਬਹਿਸ ਕਰਦਿਆਂ ਸੁਣਨਾ ਪਿਆ। ਪਰਮੇਸ਼ੁਰ ਦਾ ਵਚਨ ਤੁਹਾਨੂੰ ਭਰੋਸਾ ਦੇਂਦਾ

ਹੈ ਕਿ ਇੱਕੋ ਮਹਾਨ ਅਤੇ ਸੰਪੂਰਨ ਪਵਿੱਤਰ ਪਰਮੇਸ਼ੁਰ ਨੇ ਤੁਹਾਨੂੰ ਮਾਫ਼ ਕਰ ਦਿੱਤਾ ਹੈ। ਤੁਸੀਂ ਉਸ ਤੇ ਵਿਸ਼ਵਾਸ ਕੀਤਾ, ਅਤੇ ਉਸਨੇ ਤੁਹਾਡੇ ਵਿੱਚ ਉਸਦੇ ਬਦਲਣ ਦੇ ਕੰਮ ਨੂੰ ਸ਼ੁਰੂ ਕਰ ਦਿੱਤਾ ਹੈ। ਉਹ ਤੁਹਾਨੂੰ ਆਪਣੇ ਹੱਥਾਂ ਵਿੱਚ ਸੰਭਾਲ ਕੇ ਰੱਖ ਰਿਹਾ ਹੈ। ਅਤੇ ਉਹ ਸਦੀਪਕ ਕਾਲ ਤੱਕ ਇਸੇ ਤਰ੍ਹਾਂ ਕਰਦਾ ਰਹੇਗਾ। ਯੂਹੰਨਾ 10 ਵਿੱਚ ਯਿਸੂ ਨੇ ਇਸ ਤਰ੍ਹਾਂ ਕਿਹਾ ਹੈ।''

ਵਿਕਟਰ ਨੇ ਕਿਹਾ, ''ਇਸ਼ਮਾਏਲ ਨੂੰ ਯਕੀਨ ਨਹੀਂ ਹੈ ਕਿ ਮੈਨੂੰ ਅਤੇ ਲੋਰੀ ਨੂੰ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਹੋ ਗਈ ਹੈ। ਜੇਕਰ ਇਸ਼ਮਾਏਲ ਅਤੇ ਆਰਥਰ ਵਰਗੇ ਸਿਆਣੇ ਵਿਸ਼ਵਾਸੀ ਅਤੇ ਬਜ਼ੁਰਗ ਇਸ ਤੇ ਸ਼ੱਕ ਕਰਦੇ ਹਨ, ਤਾਂ ਫਿਰ ਮੈਨੂੰ ਅਤੇ ਲੋਰੀ ਨੂੰ ਇਸਦਾ ਯਕੀਨ ਕਿਵੇਂ ਹੋ ਸਕਦਾ ਹੈ?''

''ਇਸੇ ਕਰਕੇ ਮੈਂ ਤੁਹਾਨੂੰ ਮਿਲਣ ਲਈ ਆਇਆ ਹਾਂ। ਮੈਂ ਕੱਲ੍ਹ ਆਪਣੇ ਖ਼ੇਤਰ ਦੀਆਂ ਮੰਡਲੀਆਂ ਦੇ ਹੋਰਨਾਂ ਬਜ਼ੁਰਗਾਂ ਨਾਲ ਗੱਲ ਕੀਤੀ ਹੈ। ਉਹ ਸਹਿਮਤ ਹੋ ਗਏ ਹਨ ਕਿ ਤੁਹਾਡੇ ਲਈ ਬਪਤਿਸਮਾ ਪਾਉਣ ਅਤੇ ਸਥਾਨਕ ਮਸੀਹੀ ਦੇਹ ਵਿੱਚ ਸਵੀਕਾਰੇ ਜਾਣ ਲਈ ਬਹੁਤ ਸਾਰੀਆਂ ਮਨੁੱਖੀ ਸ਼ਰਤਾਂ ਨੂੰ ਮੰਨਣਾ ਗਲਤ ਹੈ। ਆਓ ਅਸੀਂ ਪਰਮੇਸ਼ੁਰ ਦੀ ਕਿਰਪਾ ਦੇ ਭਰੋਸਿਆਂ ਨੂੰ ਲੱਭਣ ਲਈ ਮਿਲਕੇ ਰੋਮੀਆਂ 8 ਅਧਿਆਏ ਪੜ੍ਹੀਏ। ਕੀ ਤੁਸੀਂ ਇਹ ਪੜ੍ਹਨਾ ਚਾਹੋਗੇ?''

ਵਿਕਟਰ ਨੇ ਉੱਚੀ ਅਵਾਜ਼ ਵਿੱਚ ਰੋਮੀਆਂ 8 ਅਧਿਆਏ ਪੜ੍ਹਿਆ। ਲੋਰੀ ਰੋ ਪਈ, ਜਦੋਂ ਉਸਨੇ ਪੜ੍ਹਿਆ ਕਿ ਮਸੀਹ ਵਿੱਚ ਵਿਸ਼ਵਾਸੀਆਂ ਲਈ ਪਰਮੇਸ਼ੁਰ ਦੇ ਸਦੀਪਕ ਪ੍ਰੇਮ ਤੋਂ ਵੱਖ ਹੋਣਾ ਅਸੰਭਵ ਹੈ।

''ਇਹ ਫੇਰ ਭਰੋਸਾ ਦਿਆਉਣਾ ਹੈ!'' ਵਿਕਟਰ ਨੇ ਚੀਕ ਮਾਰ ਕੇ ਕਿਹਾ, ਜਦੋਂ ਉਸਨੇ ਪੜ੍ਹਨਾ ਖਤਮ ਕੀਤਾ। ''ਅਸੀਂ ਦੋਹਾਂ ਨੇ ਜੋ ਇਸ਼ਮਾਏਲ ਅਤੇ ਆਰਥਰ ਨੇ ਕਿਹਾ ਉਸ ਤੋਂ ਨਿਰਾਸ਼ ਮਹਿਸੂਸ ਕੀਤਾ। ਇਹ ਢਿੱਡ ਵਿੱਚ ਸੱਟ ਪਹੁੰਚਣ ਵਾਗੂੰ ਸੀ। ਅਸੀਂ ਕਿਵੇਂ ਇੰਨੀ ਜ਼ਲਦੀ ਆਪਣੇ ਆਪ ਨੂੰ ਸ਼ੱਕ ਕਰਨ ਦਿੱਤਾ?''

''ਤੁਹਾਨੂੰ ਸ਼ੈਤਾਨ ਦਾ ਇੱਕ ਅਗਨ-ਬਾਣ ਵੱਜਾ ਸੀ,'' ਟੀਨੋ ਨੇ ਕਿਹਾ।

ਲੋਰੀ ਨੂੰ ਯਾਦ ਆਇਆ, ''ਜੂਲੀ ਨੇ ਕਿਹਾ ਸੀ ਕਿ ਬਾਣ ''ਕਾਨੂੰਨਵਾਦ'' ਦਾ ਲੇਬਲ ਹੈ। ਇਹ ਬਹੁਤ ਦਰਦਨਾਕ ਸੀ! ਟੀਨੋ, ਕੀ ਕੋਈ ਬਚਾਓ ਨਹੀਂ ਹੈ?''

''ਸਰਬ ਸ਼ਕਤੀਮਾਨ ਪਰਮੇਸ਼ੁਰ ਬਚਾਓ ਕਰਦਾ ਹੈ। ਸਾਨੂੰ ਸ਼ੈਤਾਨ ਦੇ ਸਾਰੇ ਅਗਣ-ਬਾਣਾਂ ਨੂੰ ਰੋਕਣ ਲਈ ਨਿਹਚਾ ਦੀ ਢਾਲ ਲੈ ਕੇ ਖੜੇ ਹੋਣਾ ਚਾਹੀਦਾ ਹੈ, ਜਿਵੇਂ ਪਰਮੇਸ਼ੁਰ ਦਾ ਵਚਨ ਸਾਨੂੰ ਨਿਰਦੇਸ਼ ਦਿੰਦਾ ਹੈ।''

ਵਿਕਟਰ ਨੇ ਬੇਨਤੀ ਕੀਤੀ, ''ਕੀ ਅਸੀਂ ਉਹ ਪੜ੍ਹ ਸਕਦੇ ਹਾਂ?''

''ਹਾਂ। ਅਫ਼ਸੀਆਂ 6:10-18 ਪਰਮੇਸ਼ੁਰ ਦੇ ਹਥਿਆਰਾਂ ਬਾਰੇ ਦੱਸਦਾ ਹੈ, ਜੋ ਅਸੀਂ ਸ਼ੈਤਾਨ ਦੇ ਵਿਰੁੱਧ ਇਸਤੇਮਾਲ ਕਰਦੇ ਹਾਂ।''

ਇਨ੍ਹਾਂ ਆਇਤਾਂ ਨੂੰ ਪੜ੍ਹਨ ਤੋਂ ਬਾਅਦ, ਵਿਕਟਰ ਨੇ ਚੀਕ ਮਾਰ ਕੇ ਕਿਹਾ, ''ਹੁਣ ਮੈਂ ਸਮਝਿਆ ਕਿਉਂ ਅਸੀਂ ਉਦਾਸ ਮਹਿਸੂਸ ਕੀਤਾ ਸੀ। ਸਾਡੀਆਂ ਆਤਮਾਵਾਂ ਸ਼ੈਤਾਨ ਦੇ ਅਗਨ-ਬਾਣਾਂ ਨਾਲ ਜਖ਼ਮੀ ਹੋਈਆਂ ਸਨ।''

''ਸਿਰਫ ਤੁਸੀਂ ਦੋਵੇਂ ਹੀ ਨਹੀਂ। ਸਾਡੇ ਭਰਾ ਇਸ਼ਮਾਏਲ ਅਤੇ ਆਰਥਰ ਨੂੰ ਲੰਬੇ ਸਮੇਂ ਤੋਂ ਕਾਨੂੰਨਵਾਦ ਦੇ ਬਾਣ ਦਾ ਜਹਿਰ ਚੜ੍ਹਿਆ ਹੋਇਆ ਹੈ।''

ਲੋਰੀ ਨੇ ਕੁਝ ਚਿਰ ਆਪਣੀਆਂ ਅੱਖਾਂ ਬੰਦ ਕੀਤੀਆਂ, ਫਿਰ ਕਿਹਾ, ''ਜ਼ਰਾ ਇਸ ਬਾਰੇ ਸੋਚੋ! ਜੇਕਰ ਕੱਲ੍ਹ ਅਸੀਂ ਦੂਤ ਦੀਆਂ ਨਜ਼ਰਾਂ ਨਾਲ ਵੇਖਦੇ, ਅਸੀਂ ਸ਼ੈਤਾਨ ਨੂੰ ਉਸਦੇ ਤੀਰ ਕਮਾਣ ਅਤੇ ਬਾਣਾਂ ਨਾਲ ਵੇਖਦੇ। ਅਸੀਂ ਉਸਨੂੰ ਆਪਣੇ ਉੱਤੇ ਕਾਨੂੰਨਵਾਦ ਦੇ ਤੀਰ ਮਾਰਦੇ ਵੇਖਦੇ।''

''ਯਿਸੂ ਨੇ ਸਾਨੂੰ ਕਾਨੂੰਨਵਾਦ ਤੋਂ ਸੁਚੇਤ ਰਹਿਣ ਦੀ ਚੇਤਾਵਨੀ ਦਿੱਤੀ ਹੈ,'' ਟੀਨੋ ਨੇ ਉੱਤਰ ਦਿੱਤਾ। ''ਇਹ ਫ਼ਰੀਸੀਆਂ ਦਾ ਅਣੂ ਹੈ, ''ਉਹ ਧਾਰਮਿਕ ਲੋਕ ਸਨ, ਜਿਨ੍ਹਾਂ ਨੇ ਯਿਸੂ ਦਾ ਵਿਰੋਧ ਕੀਤਾ, ਜਦੋਂ ਉਸਨੇ ਪਾਪੀਆਂ ਨੂੰ ਪਰਮੇਸ਼ੁਰ ਦੀ ਮੁਫ਼ਤ ਕਿਰਪਾ ਦਿੱਤੀ। ਜਿਵੇਂ ਸਾਡਾ ਮਿੱਤਰ ਇਸ਼ਮਾਏਲ ਹੈ, ਜਿਸਨੂੰ ਬੁਰੀ ਸਲਾਹ ਦਿੱਤੀ ਗਈ ਹੈ ਕਿ ਫ਼ਰੀਸੀ ਲੋਕ ਸੰਪੂਰਨਤਾ ਦੀ ਮੰਗ ਕਰਦੇ ਸਨ। ਆਓ ਅਸੀਂ ਆਪਣੀ ਨਿਹਚਾ ਦੀ ਢਾਲ ਵਰਤੀਏ!''

## ਅਭਿਆਸ

ਇਨ੍ਹਾਂ ਵਿੱਚੋਂ ਵਿਸ਼ਵਾਸੀਆਂ ਨੂੰ ਭਰੋਸਾ ਦਿਵਾਉਣ ਦਾ ਉੱਤਮ ਢੰਗ ਕੀ ਹੈ? ਪਰਮੇਸ਼ੁਰ ਉਨ੍ਹਾਂ ਨੂੰ ਪਿਆਰ ਕਰਦਾ ਹੈ, ਉਨ੍ਹਾਂ ਨੂੰ ਸਵੀਕਾਰ ਕਰਦਾ ਹੈ ਅਤੇ ਉਨ੍ਹਾਂ ਨੂੰ ਮਾਫ਼ ਕਰਦਾ ਹੈ?

☐ ਉਨ੍ਹਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਉਸਦੇ ਪਿਆਰ ਤੇ ਭਰੋਸਾ ਕਰਨਾ ਸਿਖਾਓ।

☐ ਉਨ੍ਹਾਂ ਨੂੰ ਮੰਨਣ ਲਈ ਬਹੁਤ ਸਾਰੇ ਸਖ਼ਤ ਕਾਨੂੰਨ ਦਿਓ।

(ਕੁਲੁੱਸੀਆਂ 2:20 ਤੋਂ 3:1 ਵਿੱਚ ਉੱਤਰ ਲੱਭੋ।)

ਇੱਕ ਵਿਸ਼ਵਾਸੀ ਲਈ ਯਿਸੂ ਦੀ ਆਗਿਆ ਮੰਨਣ ਦਾ ਉੱਤਮ ਮਕਸਦ ਕਿਹੜਾ ਹੈ?

☐ ਪਿਆਰ

☐ ਡਰ

(ਯੂਹੰਨਾ 14:15 ਵਿੱਚ ਉੱਤਰ ਲੱਭੋ।)

ਤੁਹਾਡੀ ਮੰਡਲੀ ਵਿੱਚ ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੀ ਕਿਰਪਾ ਦੀ ਪ੍ਰਸ਼ੰਸਾ ਕਰਨ ਵਿੱਚ ਮਦਦ ਕਰਨ ਲਈ ਤੁਹਾਡੀ ਯੋਜਨਾ ਦੀ ਕਿਰਪਾ ਕਰਕੇ ਵਿਆਖਿਆ ਕਰੋ।

______________________________________________

______________________________________________

______________________________________________

______________________________________________

______________________________________________

______________________________________________

______________________________________________

# ਤੀਜਾ ਅਧਿਆਏ
# ਵਿਕਟਰ ਅਤੇ ਲੋਰੀ ਨੇ ਪੁਰਾਣੇ ਸੱਪ (ਅਜ਼ਗਰ, ਸ਼ੈਤਾਨ) ਦਾ ਕਿਵੇਂ ਸਾਹਮਣਾ ਕੀਤਾ

ਝਣਕਾਰ!

ਇੱਕ ਹੋਰ ਅਗਨ-ਬਾਣ ਜਿਸ ਤੇ 'ਡਰ' ਅੰਕਤ ਸੀ, ਮਨੁੱਖਾਂ ਦੇ ਦੁਸ਼ਮਣ ਨੇ ਲੋਰੀ ਅਤੇ ਵਿਕਟਰ ਤੇ ਨਿਸ਼ਾਨਾ ਸਾਧਿਆ ਜੋ ਉਨ੍ਹਾਂ ਨਹੀਂ ਵੇਖਿਆ।

ਝਣਕਾਰ!

ਦੂਜਾ ਗੋਲਾ ਉਨ੍ਹਾਂ ਦੇ ਲਾਗੋਂ ਉੱਡਦਾ ਗਿਆ, ਜਿਸ ਨੂੰ 'ਬੇਪਰਤੀਤੀ' ਕਹਿੰਦੇ ਹਨ।

ਦੁਸ਼ਮਣ ਨੇ ਇਸ਼ਮਾਏਲ ਅਤੇ ਆਰਥਰ ਵੱਲ ਫਿਰ ਨਿਸ਼ਾਨ ਲਾਇਆ। ਝਣਕਾਰ! ਝਣਕਾਰ! 'ਭੌਤਕਵਾਦ' ਅਤੇ 'ਬੁੱਧੀਵਾਦ' ਦੇ ਦੋ ਅਗਣ ਬਾਣ ਧਰਤੀ ਵੱਲ ਉੱਡਦੇ ਆਏ।

ਸਾਰੀਆਂ ਦੁਸ਼ਟ ਆਤਮਾਵਾਂ ਦਾ ਸਿਰ ਡਰਾਉਣੇ ਹਾਸੇ ਨਾਲ ਗਰਜਣ ਲੱਗਾ, ਫਿਰ ਉਨ੍ਹਾਂ ਆਪਣੇ ਸ਼ੈਤਾਨੀ ਸਹਾਇਕਾਂ ਨੂੰ ਹੁਕਮ ਦਿੱਤਾ, ''ਉਹ ਗੋਲਾ ਲਿਆਓ ਜਿਹੜਾ ਸਾਰਿਆਂ ਨਾਲੋਂ ਜ਼ਿਆਦਾ ਗਰਮ ਹੈ। ਹੁਣ ਅਸੀਂ ਇਹ ਚਲਾਵਾਂਗੇ।''

ਸ਼ੈਤਾਨ ਨੇ ਬਾਣ ਨੂੰ ਅੱਗ ਲਾਈ ਅਤੇ ਉਸਨੇ ਨਿਸ਼ਾਨਾ ਸਾਧਿਆ।

ਝਣਕਾਰ! ਟੀਨੋ ਦੇ ਸਮੂਹ ਵੱਲ 'ਸ਼ਕਤੀ ਲਈ ਭੁੱਖ' ਉਡੱਦੀ ਆਈ।

ਸ਼ੈਤਾਨਾਂ ਦੇ ਸੁਵਾਮੀ ਨੇ ਘਮੰਡ ਕੀਤਾ,'' ਛੇਤੀ ਹੀ ਪਰਮੇਸ਼ੁਰ ਦੀ ਕਿਰਪਾ ਵਹਿਣੋ ਰੁੱਕ ਜਾਵੇਗੀ!''

ਅਗਲੀ ਸਵੇਰ ਨੂੰ, ਜਦੋਂ ਉਹ ਅਰਾਧਨਾ ਦੇ ਸਮੇਂ ਦੇ ਸ਼ੁਰੂ ਹੋਣ ਦੀ ਉਡੀਕ ਕਰ ਰਹੇ ਸਨ, ਇਸ਼ਮਾਏਲ ਨੇ ਸੂਚਨਾ ਦਿੱਤੀ।

''ਮੇਰੇ ਕੋਲ ਇੱਕ ਚੰਗੀ ਖ਼ਬਰ ਹੈ। ਆਰਥਰ ਨੇ ਸਾਡੇ ਸਮੂਹ ਵਿੱਚ ਸ਼ਾਮਲ ਹੋਣ ਲਈ ਉਸ ਸਮੂਹ ਨੂੰ ਛੱਡਣ ਦਾ ਫੈਸਲਾ ਕਰ ਲਿਆ ਹੈ, ਜਿਸ ਦੀ ਉਹ ਅਗਵਾਈ ਕਰ ਰਿਹਾ ਸੀ। ਉਹ ਕਾਫੀ ਅਨੁਭਵੀ ਹੈ ਅਤੇ ਸਖ਼ਤ ਅਨੁਸ਼ਾਸਨ ਬਰਕਰਾਰ ਰੱਖਣਾ ਜਾਣਦਾ ਹੈ।

ਵਿਕਟਰ ਨੇ ਹੌਲੀ ਜਿਹੀ ਲੋਰੀ ਦੇ ਕੰਨ ਵਿੱਚ ਕਿਹਾ, ''ਉਹ ਤੇਰਾ ਉਲੂ ਹੈ।'' ਉਸਨੇ ਹੱਸਣਾ ਸ਼ੁਰੂ ਕੀਤਾ ਅਤੇ ਫਿਰ ਆਪਣਾ ਚੇਹਰਾ ਢੱਕ ਲਿਆ।

ਟੀਨੋ ਨੇ ਆਰਥਰ ਨੂੰ ਪੁੱਛਿਆ,''ਤੂੰ ਆਪਣਾ ਸਮੂਹ ਕਿਉਂ ਛੱਡਿਆ ਹੈ?''

''ਉਹ ਆਤਮਿਕ ਨਹੀਂ ਹਨ। ਉਹ ਉਨ੍ਹਾਂ ਕੰਮਾਂ ਨੂੰ ਕਰਨ ਦੇ ਚਾਹਵੰਦ ਨਹੀਂ ਸਨ, ਜਿਨ੍ਹਾਂ ਗੱਲਾਂ ਦੀ ਮੈਂ ਉਨ੍ਹਾਂ ਦਾ ਆਗੂ ਹੋਣ ਦੇ ਨਾਤੇ ਉਨ੍ਹਾਂ ਕੋਲੋ ਮੰਗ ਕਰਦਾ ਸੀ। ਉਨ੍ਹਾਂ ਨਾਲ ਸੰਗਤੀ ਕਰਨ ਤੋਂ ਪਿੱਛੇ ਹੱਟਣਾ ਮੇਰਾ ਫ਼ਰਜ਼ ਸੀ। ਹਾਂ! ਉਹ ਸੱਚੇ ਮਸੀਹੀ ਨਹੀਂ ਹਨ।''

ਉਹ ਅਚਾਨਕ ਮੁੜਿਆ ਅਤੇ ਟੀਨੋ ਨਾਲ ਗੱਲ ਕੀਤੀ।

''ਚੀਤੇ ਨੇ ਉਸਨੂੰ ਤਾੜ ਲਿਆ ਹੈ!'' ਲੋਰੀ ਨੇ ਵਿਕਟਰ ਨੂੰ ਕੰਨ ਵਿੱਚ ਕਿਹਾ ਅਤੇ ਨਿਮਰਤਾ ਨਾਲ ਹਿਚ ਹਿਚ ਕਰਨ ਲੱਗੀ।

ਸਭਾ ਦੇ ਦੌਰਾਨ ਜਦੋਂ ਵੀ ਇਸ਼ਮਾਏਲ ਅਤੇ ਆਰਥਰ ਨੂੰ ਸਮਾਂ ਮਿਲਿਆ, ਉਨ੍ਹਾਂ ਗੱਲ ਬਾਤ ਕੀਤੀ। ਟੀਨੋ ਆਪਣਾ ਕਾਬੂ ਗੁਆ ਰਿਹਾ ਜਾਪਦਾ ਸੀ। ਜਦੋਂ ਸਮੂਹ ਪ੍ਰਭੂ ਭੋਜ ਵਿੱਚ ਭਾਗ ਲੈਣ ਲਈ ਤਿਆਰ ਸੀ, ਇਸ਼ਮਾਏਲ ਨੇ ਨਵੇ ਵਿਸ਼ਵਾਸੀਆਂ ਨੂੰ ਸਲਾਹ ਦਿੱਤੀ,''ਜੇਕਰ ਤੁਸੀਂ ਬੀਤੇ ਹਫ਼ਤੇ ਵਿੱਚ ਕੋਈ ਪਾਪ ਕੀਤਾ ਹੈ ਤਾਂ ਤੁਸੀਂ ਇਸ ਵਿੱਚ ਭਾਗ ਨਹੀਂ ਲੈ ਸਕਦੇ।''

ਆਰਥਰ ਨੇ ਗੱਲ ਤੇ ਜੋਰ ਦਿੱਤਾ, ''ਤਹਾਨੂੰ ਨਵੇਂ ਵਿਸ਼ਵਾਸੀਆਂ ਨੂੰ ਕੁਝ ਸਮਝਣਾ ਚਾਹੀਦਾ ਹੈ। ਪਰਮੇਸ਼ੁਰ ਪ੍ਰਭੂ ਭੋਜ ਦੌਰਾਨ ਖਾਸ ਕੁਝ ਨਹੀ ਕਰਦਾ ਹੈ। ਕੋਈ ਭੇਤ ਦੀ ਗੱਲ ਨਹੀ ਹੈ। ਇਹ ਸਿਰਫ ਸਾਡੇ ਲਈ ਯਾਦ ਰੱਖਣ ਵਿੱਚ ਮਦਦ ਕਰਨ ਲਈ ਹੈ ਕਿ ਯਿਸੂ ਮਰਿਆ। ਪਵਿੱਤਰ ਆਤਮਾ ਕੁਝ ਅਦਭੁਤ ਨਹੀਂ ਕਰਦਾ ਹੈ। ਰੋਟੀ ਸਿਰਫ ਯਿਸੂ ਦੇ ਸਰੀਰ ਨੂੰ ਪਰਦਰਸ਼ਿਤ ਕਰਦੀ ਹੈ। ਹਾਂ, ਇਹ ਸਿਰਫ ਸਾਡੀ ਯਾਦਗੀਰੀ ਲਈ ਹੈ ਹੋਰ ਕੁਝ ਨਹੀਂ। ਮੈਂ ਤੁਹਾਡੇ ਕੋਲੋਂ ਇਹ ਨਹੀਂ ਸੁਣਨਾ ਚਾਹੁੰਦਾ ਕਿ ਇਹ ''ਯਿਸੂ'' ਦਾ ਸਰੀਰ ਹੈ। ਇਹ ਸਿਰਫ ਯਿਸੂ ਦੇ ਸਰੀਰ ਨੂੰ ਪਰਦਰਸ਼ਿਤ ਕਰਦੀ ਹੈ।''

ਟੀਨੋ ਨੇ ਜਵਾਬ ਦਿੱਤਾ, ''ਜੋ ਆਰਥਰ ਨੇ ਪ੍ਰਭੂ ਭੋਜ ਬਾਰੇ ਕਿਹਾ ਹੈ, ਉਹ ਸਿਰਫ ਉਸਦਾ ਵਿਚਾਰ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਜਾਣ ਲਓ, ਮੈਂ ਵਿਸ਼ਵਾਸ ਕਰਦਾ ਹਾਂ ਕਿਉਂਕਿ ਉਸਦੇ ਇਸ ਸੰਸਕਾਰ ਵਿੱਚ ਬਹੁਤ ਹੀ ਅਸਲ ਭੇਤ ਹੈ।'' ਆਰਥਰ ਨੇ ਬਹਿਸ ਕਰਨੀ ਸ਼ੁਰੂ ਕਰ ਦਿੱਤੀ, ਪਰ ਟੀਨੋ ਨੇ ਉਸਨੂੰ ਕਿਹਾ, ''ਅਸੀਂ ਹੁਣ ਇਸਦੇ ਬਾਰੇ ਬਹਿਸ ਨਹੀਂ ਕਰਾਂਗੇ। ਅਸੀਂ ਇੱਥੇ ਅਰਾਧਨਾ ਕਰਨ ਲਈ ਆਏ ਹਾਂ। ਜੇਕਰ ਤੂੰ ਇਸ ਬਾਰੇ ਗੱਲ ਕਰਨਾ ਚਾਹੁੰਦਾ ਹੈ, ਤਾਂ ਅਸੀਂ ਇਸ ਬਾਰੇ ਬਾਅਦ ਵਿੱਚ ਗੱਲ ਕਰਾਂਗੇ।''

ਕੁਝ ਦਿਨਾਂ ਬਾਅਦ, ਟੀਨੋ ਅਤੇ ਜੂਲੀ, ਫੇਰ ਵਿਕਟਰ ਅਤੇ ਲੋਰੀ ਕੋਲ ਗਏ, ਜਿਨ੍ਹਾਂ ਨੇ ਬਪਤਿਸਮਾ ਲੈ ਲਿਆ ਸੀ ਅਤੇ ਉਹ ਮਸੀਹ ਵਿੱਚ ਉਨ੍ਹਾਂ ਦੀ ਨਵੀਂ ਨਿਹਚਾ ਵਿੱਚ ਤੇਜ਼ੀ ਨਾਲ ਵੱਧਦੇ ਜਾ ਰਹੇ ਸਨ। ਜਦ ਕਿ ਦੋਵੇਂ ਪੁਰਸ਼ ਗੱਲ ਕਰਦੇ ਸਨ, ਦੋਵੇਂ ਔਰਤਾਂ ਰਸੋਈ ਵਿੱਚ ਚਲੀਆਂ ਗਈਆਂ। ਜੂਲੀ ਨੇ ਕਿਹਾ, ''ਲੋਰੀ ਤੂੰ ਅੱਜ ਦੁੱਖੀ ਲੱਗ ਰਹੀ ਏਂ।''

ਜੂਲੀ, ਮੈਂ ਦੁੱਖੀ ਮਹਿਸੂਸ ਕਰ ਰਹੀ ਹਾਂ। ਮੈਂ ਹੁਣ ਉਹੋ ਜਿਹਾ ਅਨੰਦ ਮਹਿਸੂਸ ਨਹੀ ਕਰਦੀ, ਜਿਹੋ ਜਿਹਾ ਮੈਂ ਉਦੋਂ ਕਰਦੀ ਸੀ, ਜਦੋਂ ਮੈਂ ਪਹਿਲੀ ਵਾਰ ਯਿਸੂ ਨੂੰ ਕਬੂਲ ਕੀਤਾ ਸੀ। ਮੇਰੇ ਲਈ ਕਿਰਪਾ ਦੀ ਨਦੀ ਸੁੱਕ ਚੁੱਕੀ ਹੈ। ਮੈਂ ਬਹੁਤ ਸਾਰੀਆਂ ਬੁਰੀਆਂ ਗੱਲਾਂ ਕਰ ਚੁੱਕੀ ਹਾਂ। ਮੈਂ ਵਿਕਟਰ ਨਾਲ ਬਹਿਸ ਕੀਤੀ, ਜਦ ਕਿ ਮੈਨੂੰ ਅਧੀਨ ਹੋਣਾ ਚਾਹੀਦਾ ਸੀ। ਮੈਂ ਬਹੁਤ ਹੀ ਢੀਠ ਸੀ।

ਜੂਲੀ, ਮੈਂ ਹਮੇਸ਼ਾ ਹਮੇਸ਼ਾਂ ਲਈ ਤੇਰੀ ਤਰਾਂ ਚੰਗੀ ਨਹੀ ਬਣ ਸਕਦੀ। ਮੈਂ ਬੁਰੀ ਤਰ੍ਹਾਂ ਨਾਕਾਮਯਾਬ ਹੋਈ ਹਾਂ।''
ਨਹੀ, ਲੋਰੀ ਤੂੰ ਨਵੀ ਵਿਸ਼ਵਾਸ਼ਣ ਹੈ, ਮਸੀਹ ਵਿੱਚ ਇੱਕ ਆਤਮਿਕ ਬੱਚੀ। ਅਸੀਂ ਸਾਰਿਆਂ ਨੇ ਅਜਿਹੀਆਂ ਨਾਕਾਮਯਾਬੀਆਂ ਦਾ ਅਨੁਭਵ ਕੀਤਾ ਹੈ।''

''ਕੀ ਪਰਮੇਸ਼ੁਰ ਨੇ ਸੱਚਮੁਚ ਤੈਨੂੰ ਬਚਾਇਆ ਹੈ? ਇਸ਼ਮਾਏਲ ਅਤੇ ਆਰਥਰ ਨੂੰ ਸੁਣਨ ਤੋਂ ਬਾਅਦ, ਮੈਂ ਅਤੇ ਵਿਕਟਰ ਦੋਵੇਂ ਹੀ ਬਹੁਤ ਨਿਰਾਸ਼ ਹੋਏ। ਉਹ ਬੁੱਤ ਸਾਰੀਆਂ ਸ਼ਰਤਾ ਰੱਖਦੇ ਹਨ। ਹੁਣ ਵਿਕਟਰ ਹੈਰਾਨ ਹੋ ਰਿਹਾ ਹੈ ਕਿ ਅਸੀਂ ਪਰਮੇਸ਼ੁਰ ਦੀ ਕਿਰਪਾ ਦੇ ਯੋਗ ਵੀ ਹਾਂ ਜਾਂ ਨਹੀਂ।

''ਲੋਰੀ, ਸਾਡੇ ਵਿੱਚੋਂ ਕੋਈ ਵੀ ਕਿਰਪਾ ਦੇ ਯੋਗ ਨਹੀਂ ਹੈ।'' ਜੂਲੀ ਨੇ ਉਸਨੂੰ ਯਾਦ ਕਰਵਾਇਆ। ''ਪਵਿੱਤਰ ਆਤਮਾ ਤੇਰੇ ਵਿੱਚ ਰਹਿੰਦਾ ਹੈ, ਜਿਹੜਾ ਪਰਮੇਸ਼ੁਰ ਦੀ ਸਾਰੀ ਕਿਰਪਾ ਨੂੰ ਤੇਰੇ ਕੋਲ ਲੈ ਕੇ ਅਉਂਦਾ ਹੈ। ਕਿਰਪਾ ਹਮੇਸ਼ਾ ਤੇਰੇ ਲਈ ਉਪਲਬਧ ਹੈ। ਅਸੀਂ ਸਰਲ ਰੂਪ ਵਿੱਚ ਉਨ੍ਹਾਂ ਚੀਜ਼ਾਂ ਨੂੰ ਗਲੇ ਲਾਉਣਾ ਹੈ, ਜੋ ਪਰਮੇਸ਼ੁਰ ਸਾਨੂੰ ਉਸਦੀ ਹਜ਼ੂਰੀ ਅਤੇ ਉਸਦੀ ਕਿਰਪਾ ਦਾ ਭਰੋਸਾ ਦਿਵਾਉਣ ਲਈ ਦੇਂਦਾ ਹੈ।''

''ਜੂਲੀ, ਕਿਹੜੀਆਂ ਚੀਜ਼ਾਂ? ਜਦੋਂ ਅਸੀਂ ਇੰਨਾ ਸ਼ਰਮਿੰਦੇ ਮਹਿਸੂਸ ਕਰਦੇ ਹਾਂ ਤਾਂ ਸਾਨੂੰ ਪਰਮੇਸ਼ੁਰ ਦੀ ਕਿਰਪਾ ਦਾ ਭਰੋਸਾ ਕਿਵੇਂ ਮਿਲ ਸਕਦਾ ਹੈ?''

''ਆ ਅਸੀਂ ਟੀਨੋ ਨੂੰ ਇਹ ਗੱਲ ਸਾਨੂੰ ਸਮਝਾਉਣ ਲਈ ਕਹੀਏ। ਉਸਨੂੰ ਲੋਕਾਂ ਨੂੰ ਪਰਮੇਸ਼ੁਰ ਦੇ ਵਚਨ ਨਾਲ ਉਤਸਾਹਿਤ ਕਰਨ ਵਿੱਚ ਖੁਸ਼ੀ ਹੁੰਦੀ ਹੈ।''

ਉਹ ਉਨ੍ਹਾਂ ਕੋਲ ਆ ਗਈਆਂ ਅਤੇ ਜੂਲੀ ਨੇ ਸੁਝਾਅ ਦਿੱਤਾ, ''ਟੀਨੋ ਕਿਰਪਾ ਕਰਕੇ ਸਾਨੂੰ ਸਮਝਾ ਕਿ ਸਾਨੂੰ ਕਿਵੇਂ ਭਰੋਸਾ ਹੋ ਸਕਦਾ ਹੈ ਕਿ ਸਾਨੂੰ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਹੋ ਚੁੱਕੀ ਹੈ।''

ਟੀਨੋ ਨੇ ਉੱਤਰ ਦਿੱਤਾ, ''ਪਰਮੇਸ਼ੁਰ ਆਪਣੇ ਬੱਚਿਆਂ ਨੂੰ ਅਨੰਦ, ਸ਼ਾਂਤੀ ਅਤੇ ਹੋਰ ਮਸੀਹੀ ਸਦਾਚਾਰ ਦੇਂਦਾ ਹੈ।'' ''ਇਹ ਕਿਰਪਾ ਉਸ ਵੱਲੋਂ ਬਹੁਤ ਸਾਰੇ ਢੰਗਾਂ ਨਾਲ ਆਉਂਦੀ ਹੈ। ਇਹ ਉਸਦੇ ਵਚਨ ਅਤੇ ਸਾਡੇ ਦਿਲਾਂ ਵਿੱਚ ਉਸਦੇ ਕੰਮ ਨਾਲ ਆਉਂਦੀ ਹੈ, ਜਦੋਂ ਅਸੀਂ ਪਰਮੇਸ਼ੁਰ ਦੀ ਪਵਿੱਤਰ ਆਤਮਾ ਨਾਲ ਇੱਕ ਦੂਜੇ ਦੀ ਸੇਵਾ ਕਰਦੇ ਹਾਂ। ਇਹ ਬਪਤਿਸਮੇ, ਪ੍ਰਾਰਥਨਾ ਅਤੇ ਪ੍ਰਭੂ ਭੋਜ ਤੋਂ ਵੀ ਆਉਂਦੀ ਹੈ।''

ਲੋਰੀ ਨੇ ਕਿਹਾ, ''ਵਿਕਟਰ ਅਤੇ ਮੈਂ ਪਰਮੇਸ਼ੁਰ ਦਾ ਵਚਨ ਪੜ੍ਹਦੇ ਹਾਂ ਅਤੇ ਪ੍ਰਾਰਥਨਾ ਕਰਦੇ ਹਾਂ।'' ''ਅਸੀਂ ਵੀ ਬਪਤਿਸਮਾ ਲੈ ਚੁੱਕੇ ਹਾਂ, ਅਤੇ ਪ੍ਰਭੂ ਭੋਜ ਵਿੱਚ ਹਿੱਸਾ ਲੈਂਦੇ ਹਾਂ ਅਤੇ ਨਿਸ਼ਚਿਤ ਤੌਰ ਤੇ ਦੂਜਿਆਂ ਦੀ ਸੇਵਾ ਕਰਨਾ ਚਾਹੁੰਦੇ ਹਾਂ। ਪਰ ਹਾਲੇ ਵੀ ਮੈਂ ਉਨ੍ਹਾਂ ਬੁਰੀਆਂ ਗੱਲਾਂ ਕਾਰਨ, ਜੋ ਮੈਂ ਕੀਤੀਆਂ ਸਨ ਸ਼ਰਮਿੰਦਾ ਅਤੇ ਡਰਿਆ ਮਹਿਸੂਸ ਕਰਦੀ ਹਾਂ।''

ਲੋਰੀ, ਸ਼ੈਤਾਨ ਫਿਰ ਤੇਰੇ ਤੇ ਅਗਨ ਬਾਣ ਮਾਰ ਰਿਹਾ ਹੈ। ਉਹ ਸ਼ੱਕ ਨਾਲ ਤੇਰੇ ਮਨ ਨੂੰ ਜਹਿਰੀਲਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਬਹੁਤ ਸਾਰੇ ਨਵੇਂ ਵਿਸ਼ਵਾਸੀਆਂ ਦੇ ਨਾਲ ਹੁੰਦਾ ਹੈ, ਜਦੋਂ ਬਾਅਦ ਵਿੱਚ ਉਨ੍ਹਾਂ ਦਾ ਪਹਿਲਾ ਅਨੰਦ ਕਮਜ਼ੋਰ ਪੈ ਜਾਂਦਾ ਹੈ। ਸਾਨੂੰ ਆਪਣੀਆਂ ਭਾਵਨਾਵਾਂ ਤੇ ਭਰੋਸਾ ਨਹੀਂ ਕਰਨਾ ਚਾਹੀਦਾ।''

ਵਿਕਟਰ ਨੇ ਕਿਹਾ, ''ਆਰਥਰ ਨੂੰ ਸੁਣਨ ਤੋਂ ਬਾਅਦ, ਮੈਂ ਆਪਣੇ ਆਪ ਨੂੰ ਸ਼ੱਕ ਕਰਨ ਤੋਂ ਨਹੀਂ ਰੋਕ ਸਕਦਾ। ਮੈਨੂੰ ਨਹੀਂ ਪਤਾ ਕਿਉਂ!''

''ਆਰਥਰ ਦਾ ਮਤਲਬ ਸਹੀ ਹੈ, ਪਰ ਉਹ ਤਰਕਵਾਦੀ ਹੈ, ''ਟੀਨੋ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ।

''ਤਰਕਵਾਦੀ ਕੀ ਹੈ?''

''ਮਸੀਹੀ ਤਰਕਵਾਦੀ, ਉਨ੍ਹਾਂ ਦੇ ਆਪਣੇ ਮਨੁੱਖੀ ਤਰਕ ਨਾਲ, ਪਰਮੇਸ਼ੁਰ ਦੇ ਵਚਨ ਦੀ ਪੜਤਾਲ ਕਰਦੇ ਹਨ। ਉਹ ਸੋਚਦੇ ਹਨ ਕਿ ਕਿਸੇ ਚੀਜ਼ ਤੇ ਵਿਸ਼ਵਾਸ ਕਰਨ ਲਈ, ਉਨ੍ਹਾਂ ਨੂੰ ਇਸਨੂੰ ਪੂਰੀ ਤਰ੍ਹਾਂ ਸਮਝਣਾ ਚਾਹੀਦਾ ਹੈ। ਪਰ ਕੋਈ ਵੀ ਮਨੁੱਖ, ਪਰਮੇਸ਼ੁਰ ਦੀ ਕਿਰਪਾ ਨੂੰ ਮਨੁੱਖੀ ਤਰਕ ਨਾਲ ਸਮਝਣ ਦੇ ਯੋਗ ਨਹੀਂ ਹੈ। ਕਿਰਪਾ ਤਰਕਹੀਣ ਹੈ। ਦੂਜੇ ਪਾਸੇ ਨਿਆਂ ਤਰਕਸ਼ੀਲ ਹੈ। ਸਗੋਂ ਦਯਾ ਨੂੰ ਤਰਕਸ਼ੀਲ ਤੌਰ ਤੇ ਸਮਝਿਆ ਜਾ ਸਕਦਾ ਹੈ। ਪਰ ਕਿਰਪਾ ਸਾਰੇ ਮਨੁੱਖੀ ਤਰਕ ਦਾ ਵਿਰੋਧ ਕਰਦੀ ਹੈ, ਕਿਉਂਕਿ ਇਹ ਹਮੇਸ਼ਾ ਮੁਫ਼ਤ ਹੈ। ਜਦੋਂ ਸਾਡੇ ਪ੍ਰਭੂ ਯਿਸੂ ਮਸੀਹ ਨੂੰ ਚਪੇੜ ਮਾਰੀ ਗਈ, ਉਸਨੂੰ ਬੇਇੱਜ਼ਤ ਕੀਤਾ ਗਿਆ ਅਤੇ ਉਸਨੂੰ ਸਲੀਬ ਚੜ੍ਹਾਇਆ ਗਿਆ, ਉਸਨੇ ਆਪਣੇ ਸਤਾਉਣ ਵਾਲਿਆਂ ਨੂੰ ਸਿਰਫ ਪਿਆਰੀ ਮਾਫ਼ੀ ਨਾਲ ਜਵਾਬ ਦਿੱਤਾ। ਉਹ ਅਸਲ ਕਿਰਪਾ ਸੀ, ਵਿਕਟਰ, ਸਾਡੀ ਮਨੁੱਖੀ ਸਮਝ ਤੋਂ ਪਰ੍ਹੇ।''

''ਕੀ ਇਸੇ ਕਾਰਨ ਆਰਥਰ ਨੇ ਕਿਹਾ ਸੀ ਕਿ ਪ੍ਰਭੂ ਭੋਜ ਵਿੱਚ ਕੋਈ ਭੇਤ ਨਹੀਂ ਹੈ?'' ਵਿਕਟਰ ਨੇ ਪੁੱਛਿਆ ''ਇਸ ਗੱਲ ਨੇ ਮੈਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਅਸੀਂ 1 ਕੁਰਿੰਥੀਆਂ 10:16 ਵਿੱਚ ਪੜ੍ਹਦੇ ਹਾਂ ਕਿ ਅਸੀਂ ਯਿਸੂ ਦੀ ਦੇਹ ਵਿੱਚ ਭਾਗੀ ਹੁੰਦੇ ਹਾਂ। ਇਹ ਮੇਰੇ ਲਈ ਅਸਲ ਭੇਤ ਜਾਪਦਾ ਹੈ।''

''ਲੋਰੀ ਨੇ ਚੀਕ ਕੇ ਕਿਹਾ, ''ਇਹ ਬਹੁਮੁੱਲ ਹੈ!''

''ਇਹ ਨਿਸ਼ਚਿਤ ਤੌਰ ਤੇ ਇਲਾਹੀ ਭੇਤ ਹੈ,'' ਟੀਨੋ ਨੇ ਹਾਂ ਵਿੱਚ ਜਵਾਬ ਦਿੱਤਾ। ''ਪਰਮੇਸ਼ੁਰ ਇਸਨੂੰ ਗੰਭੀਰਤਾ ਨਾਲ ਲੈਂਦਾ ਹੈ। 1 ਕੁਰਿੰਥੀਆਂ 11 ਅਧਿਆਏ ਬਿਆਨ ਕਰਦਾ ਹੈ ਕਿ ਉਸਨੇ ਉਨ੍ਹਾਂ ਵਿਸ਼ਵਾਸੀਆਂ ਨੂੰ ਸਜ਼ਾ ਦਿੱਤੀ ਜਿਹੜੇ ਪ੍ਰਭੂ ਭੋਜ ਲੈਂਦੇ ਸਮੇਂ ਮਸੀਹ ਦੀ ਦੇਹ ਨੂੰ ਸਮਝਣ ਵਿੱਚ ਅਸਫਲ ਹੋਏ। ਪਰ ਕੁਝ ਵੀ ਹੋਵੇ, ਆਰਥਰ ਤਰਕਸ਼ੀਲ ਸ਼ਬਦਾਂ ਵਿੱਚ ਬਿਆਨ ਕਰਦਾ ਹੈ। ਉਹ ਕਿਸੇ ਵੀ ਇਲਾਹੀ ਕੰਮ ਦਾ ਇਨਕਾਰ ਕਰਦਾ ਹੈ। ਉਹ ਸੋਚਦਾ ਹੈ ਕਿ ਪਵਿੱਤਰ ਆਤਮਾ ਵੇਹਲਕਰਦਾ ਹੈ ਜਦੋਂ ਅਸੀਂ ਇਕੱਠੇ ਰੋਟੀ ਤੋੜਦੇ ਹਾਂ! ਮੈਂ ਵੀ ਇੱਕ ਵਾਰ ਇਸੇ ਤਰ੍ਹਾਂ ਸੋਚਦਾ ਸੀ, ਪਰ ਮੈਂ ਪਰਮੇਸ਼ੁਰ ਨੂੰ ਆਪਣੇ ਸ਼ੱਕ ਨੂੰ ਮਾਫ਼ ਕਰਨ ਲਈ ਕਿਹਾ। ਉਸਨੇ ਵੀ ਸ਼ੱਕ ਕੀਤਾ ਹੈ ਲੋਰੀ। ''ਮੈਂ ਆਪਣੇ ਸ਼ੱਕਵਾਦ ਤੇ ਸ਼ੱਕ ਕਰਨਾ ਸਿੱਖ ਲਿਆ ਹੈ।''

ਵਿਕਟਰ ਨੇ ਪੁੱਛਿਆ, ''ਭੇਤ ਤੋਂ ਤੇਰਾ ਕੀ ਮਤਲਬ ਹੈ?''

''ਯਿਸੂ ਅਤੇ ਉਸਦੇ ਚੇਲੇ ਪੌਲੁਸ, ਦੋਹਾਂ ਨੇ ਕਿਹਾ ਕਿ ਰੋਟੀ ਮਸੀਹ ਦਾ ਸਰੀਰ ਹੈ।'' ਉਨ੍ਹਾਂ ਨੇ ਇਹ ਨਹੀਂ ਕਿਹਾ ਕਿ ਇਹ ਉਸਦੇ ਸਰੀਰ ਨੂੰ ਪ੍ਰਦਰਸ਼ਿਤ ਕਰਦੀ ਹੈ। ਰੋਟੀ ਤਾਂ ਰੋਟੀ ਹੀ ਰਹਿੰਦੀ ਹੈ, ਪਰ ਅਸਲ ਵਿੱਚ ਆਤਮਿਕ ਢੰਗ ਨਾਲ ਇਹ ਮਸੀਹ ਦਾ ਸਰੀਰ ਵੀ ਹੈ। ਇਹ ਚਿੰਨ੍ਹ ਹੋ ਸਕਦਾ ਹੈ, ਪਰ ਇਹ ਚਿੰਨ੍ਹ ਵਾਸਤਵਿਕਤਾ ਦਾ ਚਿੰਨ੍ਹ ਬਣ ਜਾਂਦਾ ਹੈ, ਜੇਕਰ ਅਸੀਂ ਇਸਨੂੰ ਨਿਹਚਾ ਨਾਲ ਕਬੂਲ ਕਰਦੇ ਹਾਂ।''

''ਮੈਂ ਸਮਝ ਗਿਆ ਸੀ ਕਿ ਪਰਮੇਸ਼ੁਰ ਪ੍ਰਭੂ ਭੋਜ ਦੇ ਦੌਰਾਨ ਕੰਮ ਕਰ ਰਿਹਾ ਸੀ, ਵਿਕਟਰ ਨੂੰ ਯਾਦ ਆਇਆ। ''ਮੈਂ ਮਹਿਸੂਸ ਕੀਤਾ ਕਿ ਮਸੀਹ ਸੱਚਮੁੱਚ ਮੌਜੂਦ ਸੀ। ਹੁਣ ਮੈਂ ਸਮਝ ਗਿਆ। ਕਿਉਂ? ਪਰ ਮੇਰੇ ਕੋਲ ਇੱਕ ਹੋਰ ਪ੍ਰਸ਼ਨ ਹੈ। ਇਸ਼ਮਾਏਲ ਦਾ ਮਿੱਤਰ ਆਰਥਰ ਮੰਡਲੀ ਦਾ ਖਜ਼ਾਨਾ ਇਕੱਠਾ ਕਰਨ ਲਈ ਲੋਕਾਂ ਤੇ ਜਿਆਦਾ ਦਬਾਅ ਪਾਉਂਦਾ ਹੈ। ਅਤੇ ਉਹ ਹੋਰ ਗੱਲਾਂ ਕਹਿੰਦਾ ਹੈ ਜੋ ਮੈਨੂੰ ਕਸੂਰਵਾਰ ਮਹਿਸੂਸ ਕਰਵਾਉਂਦੀਆਂ ਹਨ। ਤੂੰ ਅਤੇ ਆਰਥਰ ਦੋਵੇਂ ਬਾਈਬਲ ਦਾ ਇਸਤੇਮਾਲ ਕਰਦੇ ਹੋ, ਪਰ ਤੂੰ ਸਾਨੂੰ ਕਸੂਰਵਾਰ ਮਹਿਸੂਸ ਕਰਦਿਆਂ ਨਹੀਂ ਛੱਡ ਕੇ ਜਾਂਦਾ। ਅਜਿਹਾ ਫ਼ਰਕ ਕਿਉਂ ਹੈ?

ਟੀਨੋ, ''ਮੈਂ ਸੋਚਦਾ ਹਾਂ ਕਿ ਆਰਥਰ ਦੁਨਿਆਵੀ ਹੈ। ਉਹ ਜਿਹੜੀਆਂ ਚੀਜ਼ਾਂ ਲੋਕਾਂ ਦੇ ਕੋਲ ਹਨ, ਉਨ੍ਹਾਂ ਦੁਆਰਾ ਲੋਕਾਂ ਦੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਕਿਰਪਾ ਨੂੰ ਮਾਪਦਾ ਹੈ। ਉਹ ਇਹ ਵੀ ਸੋਚਦਾ ਹੈ ਕਿ ਜੇਕਰ ਕਲੀਸਿਯਾ ਕੋਲ ਕੀਮਤੀ ਜਾਇਦਾਦ ਹੈ ਤਾਂ ਵੀ ਇਹ ਸਫਲ ਹੈ। ਮੈਂ ਵੀ ਇੱਕ ਵਾਰ ਉਸਦੇ ਸਮੂਹ ਵਿੱਚ ਸੀ। ਉਹ ਪ੍ਰਭੂ ਦੀ ਸੇਵਾ ਕਰਨ ਬਾਰੇ ਦੂਜੇ ਮੈਂਬਰਾਂ ਦੇ ਨਵੇਂ ਸੁਝਾਵਾਂ ਦਾ ਗਲਾ ਘੁੱਟ ਦੇਂਦਾ ਹੈ। ਉਸਨੇ ਕਿਹਾ ਕਿ ਅਜਿਹੇ ਕਾਰਜਕ੍ਰਮ ਕਲੀਸਿਯਾ ਦੇ ਵਿੱਤਾਂ ਨੂੰ ਘਟਾ ਦੇਣਗੇ, ਹਾਲਾਂਕਿ ਮੈਂ ਵੇਖਦਾ ਹਾਂ ਕਿ ਅਜਿਹੇ ਕਾਰਜਕ੍ਰਮਾਂ ਨਾਲ ਕੋਈ ਨੁਕਸਾਨ ਨਹੀਂ ਹੁੰਦਾ। ਸਾਨੂੰ ਆਰਥਰ ਅਤੇ ਇਸ਼ਮਾਏਲ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ। ਮੈਂ ਸੋਚਦਾ ਹਾਂ ਕਿ ਉਨ੍ਹਾਂ ਦਾ ਮਤਲਬ ਸਹੀ ਹੈ, ਪਰ ਉਹ ਉਨ੍ਹਾਂ ਨੂੰ ਸੰਸਾਰ ਦੇ ਵਿਚਾਰਾਂ ਨਾਲ ਪ੍ਰਭਿਤਵ ਹੋਣ ਦੇਂਦੇ ਹਨ। ਸਗੋਂ ਕਈ ਵਾਰ ਚੰਗੇ ਮਸੀਹੀਆਂ ਵਿੱਚ ਅਜਿਹੇ ਵਿਚਾਰ ਆ ਜਾਂਦੇ ਹਨ ਜੋ ਪਰਮੇਸ਼ੁਰ ਦੀ ਬਜਾਏ ਮਨੁੱਖਾਂ ਅਤੇ ਸ਼ੈਤਾਨ ਵੱਲੋਂ ਉਤਪੰਨ ਹੁੰਦੇ ਹਨ।''

ਇੱਕ ਮਹੀਨੇ ਬਾਅਦ ਟੀਨੋ ਬਹੁਤ ਸਾਰੇ ਐਲਡਰਾਂ ਨੂੰ ਮਿਲਿਆ ਜੋ ਬਹੁਤ ਸਾਰੇ ਛੋਟੇ ਸਮੂਹਾਂ ਦੀ ਰਖਵਾਲੀ ਕਰਦੇ ਸਨ। ਉਸਨੇ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਵੇਖਣ ਲਈ ਵਿਕਟਰ ਨੂੰ ਨਾਲ ਜਾਣ ਲਈ ਆਖਿਆ। ਸਭਾ ਦੇ ਦੌਰਾਨ ਟੀਨੋ ਨੇ ਸੁਝਾਅ ਦਿੱਤਾ, ''ਸਮੂਹ ਜਿਸਦੀ ਮੈਂ ਅਗਵਾਈ ਕਰਨ ਵਿੱਚ ਮਦਦ ਕਰਦਾ ਹਾਂ, ਉਹ ਇਸਦੇ ਸਾਰੇ ਮੈਂਬਰਾਂ ਦੀ ਦੇਖਭਾਲ ਕਰਨ ਲਈ ਬਹੁਤ ਵੱਧਦਾ ਜਾ ਰਿਹਾ ਹੈ। ਮੈ ਘੱਟੋ ਘੱਟ ਦੋ ਨਵੇਂ ਸਮੂਹ ਸਥਾਪਿਤ ਕਰਨਾ ਚਾਹੁੰਦਾ ਹਾਂ। ਮੈ ਸੋਚਦਾ ਹਾਂ ਕਿ ਇੱਕ ਸਮੂਹ ਵਿਕਟਰ ਅਤੇ ਲੋਰੀ ਦੇ ਘਰ ਮਿਲਿਆ ਕਰੇਗਾ। ਉਹ ਤੇਜ਼ੀ ਨਾਲ ਮਸੀਹ ਵਿੱਚ ਵੱਧ ਰਹੇ ਹਨ, ਉਹ ਛੇਤੀ ਹੀ ਸਮੂਹ ਦੀ ਅਗਵਾਈ ਕਰਨ ਦੇ ਯੋਗ ਹੋਣਗੇ।ਜੂਲੀ ਅਤੇ ਮੈਂ ਉਨਾਂ ਨੂੰ ਸਿਖਾ ਰਹੇ ਹਾਂ।''

''ਇਸ ਨਾਲ ਵੰਡ ਪੈ ਜਾਵੇਗੀ, ਟੀਨੋ।'' ਇਸ਼ਮਾਏਲ ਭਾਵਨਾ ਨਾਲ ਹਿੱਲ ਗਿਆ। ਜੇਕਰ ਅਸੀ ਘਰ ਦੇ ਸਮੂਹਾਂ ਦੀ ਅਗਵਾਈ ਨਵੇਂ ਵਿਸ਼ਵਾਸੀਆਂ ਨੂੰ ਕਰਨ ਦੇਵਾਂਗੇ ਤਾਂ ਸੱਚਮੁੱਚ ਕਲੀਸਿਯਾ ਵਿੱਚ ਵੰਡ ਪੈ ਜਾਵੇਗੀ।''

ਆਰਥਰ ਨੇ ਕਿਹਾ, ਟੀਨੋ ਮੈਂ ਤੇਰੇ ਜਿਹੇ ਰਚਨਾਸ਼ੀਲ ਸੋਚਕਾਰਾਂ ਤੇ ਭਰੋਸਾ ਨਹੀਂ ਕਰਦਾ। ਉਹ ਹਮੇਸ਼ਾ ਨਵੀਆਂ ਚੀਜ਼ਾ ਸ਼ੁਰੂ ਕਰਨਾ ਚਾਹੁੰਦੇ ਹਨ। ਸਾਨੂੰ ਘਰ ਦੇ ਸਮੂਹਾਂ ਤੇ ਦ੍ਰਿੜ ਕਾਬੂ ਰੱਖਣਾ ਚਾਹੀਦਾ ਹੈ। ਸਾਨੂੰ ਸਖ਼ਤ ਨਿਯਮਾਂ ਦੀ ਲੋੜ ਹੈ। ਹਾਂ, ਅਸੀਂ ਘਰ ਦੇ ਸਮੂਹਾਂ ਨੂੰ ਛੋਟੀਆ ਕਲੀਸਿਯਾਵਾਂ ਦੀ ਤਰ੍ਹਾਂ ਕੰਮ ਕਰਨ ਨਹੀਂ ਦੇ ਸਕਦੇ। ਉਨ੍ਹਾਂ ਨੂੰ ਬਹੁਤ ਜਿਆਦਾ

ਅਜ਼ਾਦੀ ਮਿਲ ਜਾਵੇਗੀ। ਉਨ੍ਹਾਂ ਸਾਰਿਆਂ ਨੂੰ ਅਧਿਐਨ ਸਮਗਰੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਜੋ ਇਸ਼ਮਾਏਲ ਨੇ ਦਿੱਤੀ ਹੈ। ਹਾਂ। ਉਨ੍ਹਾਂ ਨੂੰ ਸਧਾਰਨ ਰੂਪ ਵਿੱਚ ਬਾਈਬਲ ਅਧਿਐਨ ਸਮੂਹਾਂ ਦੀ ਤਰ੍ਹਾਂ ਰਹਿਣਾ ਚਾਹੀਦਾ ਹੈ!''

''ਟੀਨੋ ਨੇ ਹੌਕਾ ਭਰਿਆ,'' ਆਰਥਰ ਕਿਰਪਾ ਕਰਕੇ!'' ਸਾਡੇ ਸਮੂਹਾਂ ਉੱਤੇ ਅਜਿਹੀਆਂ ਪਾਬੰਧੀਆਂ ਲਾਉਣਾ, ਉਹ ਸਭ ਕੁਝ ਤਬਾਹ ਕਰ ਦੇਵੇਗਾ, ਜੋ ਪਰਮੇਸ਼ੁਰ ਉਨ੍ਹਾਂ ਵਿੱਚ ਕਰ ਰਿਹਾ ਹੈ। ਪਰਮੇਸ਼ੁਰ ਅਧਿਐਨ ਕਰਨ ਨਾਲੋਂ ਵੀ ਵੱਧਕੇ ਮੰਗ ਕਰਦਾ ਹੈ। ਮੇਰਾ ਸਮੂਹ, ਪ੍ਰਭੂ ਦੀ ਅਤੇ ਇੱਕ ਦੂਜੇ ਦੀ ਸੇਵਾ ਕਰਨ ਲਈ ਉਹ ਸਭ ਗਤੀਵਿਧੀਆਂ ਦਾ ਅਭਿਆਸ ਕਰਦਾ ਹੈ, ਜਿਹੜੀਆਂ ਨਵੇਂ ਨੇਮ ਦੇ ਵਿਸ਼ਵਾਸੀਆਂ ਨੂੰ ਕਰਨ ਦੀ ਲੋੜ ਹੈ। ਜੇਕਰ ਅਸੀਂ ਉਸ ਕਾਰਜਕ੍ਰਮ ਅਨੁਸਾਰ ਕਰੀਏ ਜਿਵੇਂ, ਤੂੰ ਕਿਹਾ ਹੈ, ਤਾਂ ਫਿਰ ਅਸੀਂ ਉਨ੍ਹਾਂ ਅਧਿਐਨਾਂ ਦੀ ਚੋਣ ਨਹੀਂ ਕਰ ਸਕਾਂਗੇ ਜਿਹੜੇ ਸਾਡੇ ਵਿਸ਼ਵਾਸੀਆਂ ਦੇ ਸਮੂਹ ਦੀਆਂ ਵਰਤਮਾਨ ਲੋੜਾਂ ਲਈ ਢੁੱਕਵੇਂ ਹਨ।''

ਵਿਚਾਰ ਵਿਮਰਸ਼ ਕਰਨ ਦੇ ਵਿਸ਼ਰਾਮ ਦੌਰਾਨ ਵਿਕਟਰ ਨੇ ਟੀਨੋ ਨੂੰ ਪੁੱਛਿਆ, ''ਤੂੰ ਕਿਉਂ ਕਿਹਾ ਕਿ ਅਸੀਂ ਆਪਣੇ ਨਿਰਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਨਵੇਂ ਨੇਮ ਦਾ ਇਸਤੇਮਾਲ ਕਰਦੇ ਹਾਂ? ''ਕੀ ਅਸੀਂ ਪੁਰਾਣਾ ਨੇਮ ਵੀ ਇਸਤੇਮਾਲ ਨਹੀਂ ਕਰਦੇ?''

''ਅਸੀਂ ਪੁਰਾਣੇ ਨਿਯਮ ਦਾ ਇਸਤੇਮਾਲ ਹੋਰਨਾਂ ਮਕਸਦਾਂ ਲਈ ਕਰਦੇ ਹਾਂ, ਪਰ ਨਵੇਂ ਨੇਮ ਦੀ ਕਲੀਸਿਯਾ ਦੀਆਂ ਗਤੀਵਿਧੀਆਂ ਦੱਸਣ ਲਈ ਨਹੀਂ। ਨਹੀਂ ਤਾਂ, ਸਾਨੂੰ ਉਨ੍ਹਾਂ ਲੋਕਾਂ ਨੂੰ ਪਥਰਾਓ ਕਰਕੇ ਮਾਰਨਾ ਪਵੇਗਾ, ਜਿਨ੍ਹਾਂ ਨੇ ਸ਼ਨਿੱਚਰਵਾਰ ਬਾਲਣ ਲਈ ਲੱਕੜੀਆਂ ਇੱਕਠੀਆਂ ਕੀਤੀਆਂ ਸਨ। ਸਾਨੂੰ ਉਹਨਾਂ ਸਭ ਗਤੀਵਿਧੀਆਂ ਨੂੰ ਮੰਨਣਾ ਚਾਹੀਦਾ ਹੈ, ਜੋ ਮਸੀਹ ਅਤੇ ਉਸਦੇ ਚੇਲੇ ਸਾਡੇ ਕੋਲੋਂ ਮੰਗ ਕਰਦੇ ਹਨ।

ਆਰਥਰ ਨੇ ਸੁਣਿਆ ਜੋ ਟੀਨੋ ਨੇ ਕਿਹਾ,''ਹਾਂ! ਅਸੀਂ ਨਿਸ਼ਚਤ ਤੌਰ ਤੇ ਉਹ ਸਭ ਗਤੀਵਿਧੀਆਂ ਦੀ ਪਾਲਣਾ ਕਰਾਂਗੇ! ਅਸੀਂ ਲੋਕਾਂ ਨੂੰ ਉਹ ਸੇਵਕਾਈਆਂ ਕਰਨ ਲਈ ਨਿਯੁਕਤ ਕਰਾਂਗੇ ਜੋ ਵੱਖ ਵੱਖ ਲੋੜਾਂ ਨੂੰ ਪੂਰੀਆਂ ਕਰਦੀਆਂ ਹਨ। ਹਰ ਇੱਕ ਸਮੂਹ ਇੱਕ ਇੱਕ ਸੇਵਕਾਰੀ ਨੂੰ ਲਾਗੂ ਕਰੇਗਾ। ਹਰ ਸਮੂਹ ਕੋਲ ਇੱਕ ਇੱਕ ਸੇਵਕਾਈ ਹੋਵੇਗੀ ਅਤੇ ਉਹ ਇਸ ਵਿੱਚ ਲੱਗੇ ਰਹਿਣਗੇ! ਹਾਂ! ਸਾਰੇ ਸਮੂਹ ਵਚਨ ਸਿਖਾਉਣਗੇ। ਫਿਰ ਵੀ, ਸਿਰਫ ਇੱਕ ਸਮੂਹ ਸ਼ੁਭ ਸਮਾਚਾਰ ਦੀ ਨਿਗਰਾਨੀ ਕਰੇਗਾ ਤੇ ਦੂਜਾ ਸਮੂਹ ਅਰਾਧਨਾ ਤੇ ਕਾਬੂ ਕਰੇਗਾ। ਇੱਕ ਹੋਰ ਸਮੂਹ ਪੈਸੇ ਦਾ ਪ੍ਰਬੰਧ ਕਰੇਗਾ ਅਤੇ ਦਾਨ ਨੂੰ ਵਧਾਏਗਾ।ਇਸ ਤਰ੍ਹਾਂ ਅਸੀਂ ਜਾਣਾਂਗੇ ਕਿ ਹਰ ਕੋਈ ਕੀ ਕਰ ਰਿਹਾ ਹੈ।'' ਆਰਥਰ ਨੇ ਆਪਣੀ ਅਵਾਜ਼ ਉਠਾਈ ਅਤੇ ਬਾਕੀ ਬਜ਼ੁਰਗ ਉਸਨੂੰ ਅਤੇ ਟੀਨੋ ਨੂੰ ਸੁਣ ਰਹੇ ਸਨ।

ਟੀਨੋ ਨੇ ਚੇਤਾਵਨੀ ਦਿੱਤੀ,''ਇਹੋ ਜਿਹੀ ਖਾਸ ਸੰਸਥਾ ਉਸ ਗੱਲ ਦਾ ਵਿਰੋਧ ਕਰਦੀ ਹੈ ਜੋ ਪਵਿੱਤਰ ਵਚਨ ਮੰਗ ਕਰਦਾ ਹੈ।'' ''ਤੁਸੀਂ ਲੋਕਾਂ ਨੂੰ ਇੱਕ ਛੋਟੇ ਕਮਰੇ ਵਿੱਚ ਬੰਦ ਕਰ ਦਿਓਗੇ! ਤੁਸੀਂ ਵੱਖ ਵੱਖ ਆਤਮਿਕ ਵਰਦਾਨਾਂ ਨੂੰ ਵੱਖ ਕਰ ਦਿਓਗੇ ਜੋ ਪਰਮੇਸ਼ੁਰ ਕਲੀਸੀਆ ਨੂੰ ਦੇਂਦਾ ਹੈ। ਤੁਸੀਂ ਉਨ੍ਹਾਂ ਸਭਨਾਂ ਲੋਕਾਂ ਨੂੰ, ਜਿਨ੍ਹਾਂ ਕੋਲ ਇੱਕੋ ਜਿਹੇ ਵਰਦਾਨ ਹਨ, ਉਨ੍ਹਾਂ ਦੀਆਂ ਯੋਗਤਾਵਾਂ ਨੂੰ ਦੂਜੇ ਵਿਸ਼ਵਾਸੀਆਂ ਲਈ ਉਪਲਬਧ ਕਰਵਾਉਣ ਦੀ ਬਜਾਏ, ਇੱਕੋ ਸਮੂਹ ਵਿੱਚ ਇਕੱਠਿਆਂ ਕਰ ਦਿਓਗੇ। ਤੁਹਾਡੇ ਸੰਚਾਲਨ ਕਰਨ ਦੇ ਤਰੀਕੇ, ਛੋਟੇ ਸਮੂਹਾਂ ਵਿੱਚ ਵਿਸ਼ਵਾਸੀਆਂ ਦੇ ਇੱਕ ਦੂਜੇ ਦੀ ਸੇਵਾ ਕਰਨ ਦੇ ਵੱਖ-ਵੱਖ ਤਰੀਕਿਆਂ ਨਾਲ ਮੇਲ ਨਹੀਂ ਖਾਂਦੇ। ਪਰਮੇਸ਼ੁਰ ਦਾ ਵਚਨ ਮੰਗ ਕਰਦਾ ਹੈ ਕਿ ਵੱਖ-ਵੱਖ ਪ੍ਰਕਾਰ ਦੀਆਂ ਸੇਵਾਕਾਈਆਂ ਲਈ ਸਮੂਹਾਂ ਵਿੱਚ ਵੱਖ-ਵੱਖ ਵਰਦਾਨਾਂ ਦੇ ਲੋਕ ਹੋਣ ਤਾਂ ਜੋ ਉਹ ਇੱਕ ਦੂਜੇ ਦੀ ਸੇਵਾ ਕਰ ਸੱਕਣ।''

''ਆਰਥਰ ਨੇ ਉੱਤਰ ਵਿਚ ਵਾਪਸ ਕਿਹਾ, ''ਮੈਂ ਅਸਹਿਮਤ ਹਾਂ!'' ''ਵੱਖ-ਵੱਖ ਕਾਰਜਕੰਮਾਂ ਦਾ ਸੰਚਾਲਨ ਕਰਕੇ ਅਸੀਂ ਸਮੂਹਾਂ ਤੇ ਕਾਬੂ ਪਾ ਸਕਦੇ ਹਾਂ। ਹਾਂ! ਸਿਰਫ ਇਹੋ ਇੱਕ ਤਰੀਕਾ ਹੈ।'' ਹੋਰ ਦੋ ਬਜ਼ੁਰਗ ਬੁੜਬੁੜਾਏ ਅਤੇ ਆਰਥਰ ਨਾਲ ਬਹਿਸ ਕਰਨ ਲੱਗੇ।

ਟੀਨੋ ਦੇ ਚਿਹਰੇ ਉੱਤੇ ਨਿਰਾਸ਼ਾ ਝਲਕ ਰਹੀ ਸੀ। ਉਸਨੇ ਮਿੰਨਤ ਕੀਤੀ, ''ਕਿਰਪਾ ਕਰਕੇ ਹੋਰ ਬਾਈਬਲ ਅਧਾਰਿਤ ਤਰੀਕੇ ਤੇ ਧਿਆਨ ਦਿਓ। ਮਸੀਹ ਦੀ ਦੇਹ ਦਾ ਸੰਚਾਲਨ ਕਰਨ ਲਈ, ਪਰਮੇਸ਼ੁਰ ਸਾਡੇ ਕੋਲੋਂ ਮੰਗ ਕਰਦਾ ਹੈ ਕਿ ਵੱਖ-ਵੱਖ ਆਤਮਿਕ ਵਰਦਾਨ ਪਾਏ ਲੋਕਾਂ ਨੂੰ, ਉਨ੍ਹਾਂ ਦੇ ਕੰਮਾਂ ਨੂੰ, ਇਕਸੁਰ ਕਰਨ ਲਈ ਇਕੱਠੇ ਕਰੀਏ ਨਾ ਕਿ ਉਨ੍ਹਾਂ ਨੂੰ ਵੱਖ ਕਰਨ ਲਈ। 1 ਕੁਰਿੰਥੀਆਂ 12, ਰੋਮੀਆਂ 12 ਅਤੇ ਅਫ਼ਸੀਆਂ 4:11-16 ਪੜ੍ਹੋ। ਅਸੀਂ ਇੱਕੋ ਕਲੀਸੀਆ ਵਿੱਚ ਆਪਣੀਆਂ ਵੱਖ-ਵੱਖ ਸੇਵਕਾਈਆਂ ਨਾਲ ਪਿਆਰ ਵਿੱਚ ਇੱਕ ਦੂਜੇ ਦੀ ਸੇਵਾ ਕਰਨੀ ਹੈ। ਸਾਡੇ ਘਰਾਂ ਦੇ ਛੋਟੇ-ਛੋਟੇ ਸਮੂਹ, ਇਸ ਤਰ੍ਹਾਂ ਬਹੁਤ ਵਧੀਆ ਢੰਗ ਨਾਲ ਕਰਦੇ ਹਨ। ਸਾਨੂੰ ਬਾਈਬਲ ਅਧਾਰਿਤ ਵਿਧੀ ਨੂੰ ਛੱਡਣ ਦੀ ਕੋਈ ਲੋੜ ਨਹੀਂ ਹੈ।''

''ਆਰਥਰ ਨੇ ਉੱਚੀ ਅਵਾਜ਼ ਵਿੱਚ ਸ਼ਿਕਾਇਤ ਕੀਤੀ, ''ਤੂੰ ਹਰ ਸਮੂਹ ਨੂੰ ਇੱਕ ਛੋਟੀ ਕਲੀਸਿਯਾ ਬਣਾਉਣਾ ਚਾਹੁੰਦਾ ਹੈਂ।'' ''ਅਜਿਹੇ ਸਮੂਹਾਂ ਤੇ ਸਾਡੇ ਲਈ ਕਾਬੂ ਕਰਨਾ ਮੁਸ਼ਕਲ ਹੋਵੇਗਾ। ਹਾਂ! ਸਾਨੂੰ ਅਜਿਹੇ ਪ੍ਰਕਾਰ ਦੇ ਸੰਗਠਨ ਦੀ ਲੋੜ ਹੈ ਜੋ ਸਾਡੇ ਵਰਗੇ ਆਗੂਆਂ ਨੂੰ ਮਜ਼ਬੂਤ ਅਧਿਕਾਰ ਦੇਂਦਾ ਹੈ।''

''ਆਰਥਰ, ਤੂੰ ਆਪਣੇ ਅਧਿਕਾਰ ਬਾਰੇ ਬਹੁਤ ਚਿੰਤਾ ਕਰਦਾ ਹੈਂ। ਸਾਨੂੰ ਹਰ ਸਮੂਹ ਤੇ ਕਾਬੂ ਰੱਖਣ ਲਈ, ਪਵਿੱਤਰ ਆਤਮਾ ਦੀ ਸ਼ਕਤੀ ਤੇ ਭਰੋਸਾ ਕਰਨਾ ਚਾਹੀਦਾ ਹੈ, ਅਤੇ ਹਰ ਸਮੂਹ ਨੂੰ ਇਸ ਦੀਆਂ ਸੇਵਕਾਈਆਂ ਦਾ ਵਿਕਾਸ ਕਰਨ ਦੇਣਾ ਚਾਹੀਦਾ ਹੈ, ਜਿਵੇਂ ਪਰਮੇਸ਼ੁਰ ਇਸਦੀ ਅਗਵਾਈ ਕਰਦਾ ਹੈ। 2 ਕੁਰਿੰਥੀਆਂ 3:17 ਆਇਤ ਸਾਨੂੰ ਆਤਮਾ ਵਿੱਚ ਇਸ ਪ੍ਰਕਾਰ ਦੀ ਅਜ਼ਾਦੀ ਦਾ ਵਾਅਦਾ ਕਰਦੀ ਹੈ।''

ਆਰਥਰ ਕਿਲਕਿਆ, ''ਟੀਨੋ ਤੂੰ ਦੋ ਨਵੀਆਂ ਚੀਜ਼ਾਂ ਦੀ ਜਾਣ-ਪਛਾਣ ਕਰਵਾਉਣਾ ਚਾਹੁੰਦਾ ਏਂ।'' ''ਤੂੰ ਆਪਣੇ ਸਮੂਹ ਵਿੱਚ ਹਰ ਇੱਕ ਨੂੰ ਕੁਝ ਵੱਖ ਕਰਨ ਦੇਂਦਾ ਹੈ। ਹਾਂ! ਕਿਸੇ ਨੂੰ ਪਤਾ ਨਹੀਂ ਲੱਗੇਗਾ ਕਿ ਇੱਕ ਹਫ਼ਤੇ ਤੋਂ ਅਗਲੇ ਹਫ਼ਤੇ ਕੀ ਹੋਵੇਗਾ? ਇੰਨੀ ਜਿਆਦੀ ਅਜ਼ਾਦੀ ਦੇਣ ਨਾਲ ਉਲਝਣ ਪੈਦਾ ਹੁੰਦੀ ਹੈ। ਇਹ ਏਕਤਾ ਨੂੰ ਤਬਾਹ ਕਰੇਗੀ। ਸਾਡੇ ਸਾਰੇ ਸਮੂਹਾਂ ਲਈ ਇੱਕੋ ਸਤਰ ਅਭਿਆਸ ਦੀ ਲੋੜ ਹੈ। ਅਤੇ ਹਰ ਸਮੂਹ ਵਿੱਚ ਹਰ ਇੱਕ ਲਈ! ਹਾਂ! ਇਸ ਤਰ੍ਹਾਂ ਏਕਤਾ ਬਰਕਰਾਰ ਰੱਖੀ ਜਾ ਸਕਦੀ ਹੈ!''

"ਟੀਨੋ ਨੇ ਮਿੰਨਤ ਕੀਤੀ, "ਆਓ ਅਸੀਂ ਏਕਤਾ ਨੂੰ ਇਕਰੂਪਤਾ ਨਾਲ ਨਾ ਉਲਝਾਈਏ।" "ਮਸੀਹ ਵਿੱਚ ਸੱਚੀ ਏਕਤਾ ਦਾ ਇਹ ਅਰਥ ਨਹੀਂ ਕਿ ਹਰ ਕੋਈ ਇੱਕੋ ਜਿਹੀਆਂ ਗਤੀਵਿਧੀਆਂ ਨੂੰ ਲਾਗੂ ਕਰਦਾ ਹੈ। ਇਸਦਾ ਅਰਥ ਬਿਲਕੁਲ ਉਲਟ ਹੈ! ਰਸੂਲਾਂ ਨੇ ਕਲੀਸਿਯਾ ਵਿੱਚ ਏਕਤਾ ਬਾਰੇ ਉਦੋਂ ਸਿਖਾਇਆ, ਜਦੋਂ ਉਨ੍ਹਾਂ ਆਤਮਿਕ ਵਰਦਾਨਾਂ ਨੂੰ ਵੰਡਿਆ। ਉਨ੍ਹਾਂ ਪ੍ਰਗਟ ਕੀਤਾ ਕਿ ਮਸੀਹ ਵਿੱਚ ਏਕਤਾ ਦਾ ਅਰਥ ਸੀ ਕਿ ਸਾਡੇ ਸਭਨਾਂ ਕੋਲ ਵੱਖ-ਵੱਖ ਵਰਦਾਨ ਹਨ ਅਤੇ ਪਵਿੱਤਰ ਆਤਮਾ, ਪਿਆਰ ਵਿੱਚ ਸਾਡੀਆਂ ਵੱਖ-ਵੱਖ ਸੇਵਕਾਈਆਂ ਨੂੰ ਇਕਸੁਰ ਕਰਦਾ ਹੈ।"

ਇੱਕ ਬਜ਼ੁਰਗ ਜਿਹੜਾ ਪਹਿਲਾਂ ਆਰਥਰ ਨਾਲ ਸਹਿਮਤ ਹੋਇਆ ਸੀ ਬੋਲਿਆ, "ਭਰਾ ਟੀਨੋ ਇਹ ਇੱਕ ਦਿਲਚਸਪ ਸੱਚਾਈ ਹੈ। ਮੈਂ ਪਹਿਲਾਂ ਕਦੀ ਇਸ ਵੱਲ ਧਿਆਨ ਨਹੀਂ ਦਿੱਤਾ ਸੀ। ਹਾਂ! 1 ਕੁਰਿੰਥੀਆਂ 12 ਇਸ ਬਾਰੇ ਸਪੱਸ਼ਟ ਤੌਰ ਤੇ ਸਿਖਾਉਂਦਾ ਹੈ। ਪਰਮੇਸ਼ੁਰ ਦਾ ਪਵਿੱਤਰ ਆਤਮਾ ਵੱਖ-ਵੱਖ ਸੇਵਕਾਈਆਂ ਨੂੰ ਉਸੇ ਤਰ੍ਹਾਂ ਹੀ ਇਕਸੁਰ ਕਰਦਾ ਹੈ ਜਿਵੇਂ ਸਾਡੇ ਸਰੀਰਾਂ ਦੇ ਵੱਖ-ਵੱਖ ਅੰਗ ਇਕੱਠੇ ਕੰਮ ਕਰਦੇ ਹਨ। ਟੀਨੋ, ਤੇਰਾ ਧੰਨਵਾਦ। ਮੈਂ ਆਪਣੇ ਵਿਸ਼ਵਾਸੀਆਂ ਦੇ ਸਮੂਹ ਨੂੰ ਸੇਵਾ ਕਰਨ ਦੇ ਵੱਖ-ਵੱਖ ਤਰੀਕਿਆਂ ਅਤੇ ਸਾਰੀ ਕਲੀਸਿਯਾ ਦਾ ਨਿਰਮਾਣ ਕਰਨ ਲਈ ਸਿਖਾਉਣਾ ਅਤੇ ਤਿਆਰ ਕਰਨਾ ਸ਼ੁਰੂ ਕਰਾਂਗਾ।"

ਟੀਨੋ ਨੇ ਜਵਾਬ ਦਿੱਤਾ, "ਬਹੁਤ ਵਧੀਆ!" "ਤੁਸੀਂ ਇਹ ਵੀ ਜਾਣੋਂਗੇ ਕਿ ਇੱਕ ਦੂਜੇ ਦੀਆਂ ਸੇਵਾ ਕਰਨ ਦੀਆਂ ਲੋੜਾਂ ਅਤੇ ਮੌਕੇ ਲਗਾਤਾਰ ਬਦਲਦੇ ਰਹਿਣਗੇ, ਜਿਵੇਂ ਕਿ ਉਹ ਨਵੇਂ ਨੇਮ ਵਿੱਚ ਬਦਲਦੇ ਸਨ।"

ਇਸ਼ਮਾਏਲ ਅਤੇ ਆਰਥਰ ਤੋਂ ਇਲਾਵਾ ਬਾਕੀ ਸਾਰੇ ਕਲੀਸਿਯਾ ਦੀ ਰਖਵਾਲੀ ਕਰਨ ਵਾਲੇ ਬਜ਼ੁਰਗ ਟੀਨੋ ਨਾਲ ਸਹਿਮਤ ਹੋ ਗਏ। ਇਸ਼ਮਾਏਲ ਨੇ ਬਹਿਸ ਜਾਰੀ ਰੱਖੀ, "ਟੀਨੋ, ਤੂੰ ਕਿਰਪਾ ਉੱਤੇ ਬਹੁਤ ਜਿਆਦਾ ਜ਼ੋਰ ਦੇਂਦਾ ਹੈਂ। ਤੂੰ ਇਹ ਕਹਿੰਦਾ ਜਾਪਦਾ ਹੈਂ ਕਿ ਵਿਸ਼ਵਾਸੀ ਜੋ ਚਾਹੁੰਣ ਕਰ ਸਕਦੇ ਹਨ। ਤੇਰੀ ਸਿੱਖਿਆ ਦੇ ਕਾਰਨ, ਅਸੀਂ ਆਪਣੀਆਂ ਮੰਡਲੀਆਂ ਵਿੱਚ ਅਨੁਸ਼ਾਸਨ ਗੁਆ ਦੇਵਾਂਗੇ!"

"ਟੀਨੋ ਨੇ ਇਸ਼ਮਾਏਲ ਨੂੰ ਸਮਝਾਇਆ ਕਿ "ਅਸੀਂ ਕਿਰਪਾ ਤੇ ਬਹੁਤ ਜਿਆਦਾ ਜ਼ੋਰ ਨਹੀਂ ਦੇ ਸਕਦੇ, ਜੇਕਰ ਅਸੀਂ ਇਸਨੂੰ ਸਹੀ ਤਰ੍ਹਾਂ ਦੱਸੀਏ।" "ਕੁਝ ਲੋਕ ਸਿਖਾਉਂਦੇ ਹਨ ਜਿਵੇਂ ਤੂੰ ਦਾਅਵਾ ਕੀਤਾ ਕੀ ਤੂੰ ਕਰਦਾ ਹੈ ਕਿ ਕਿਰਪਾ ਸਾਨੂੰ ਕੋਈ ਵੀ ਪਾਪ ਜੋ ਅਸੀਂ ਚਾਹੁੰਦੇ ਹਾਂ ਕਰਨ ਦਾ ਅਧਿਕਾਰ ਦੇਂਦੀ ਹੈ! ਤੂੰ ਮੈਨੂੰ ਅਜਿਹੀ ਹਾਨੀਕਾਰਕ ਗਲਤੀ ਦੇ ਬਾਰੇ ਸਿਖਾਉਂਦਿਆਂ ਨਹੀਂ ਸੁਣਿਆ! ਤੇਰਾ ਡਰ ਬੇਬੁਨਿਆਦ ਹੈ। ਜਿਹੜੇ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਕਰਦੇ ਹਨ ਉਹ "ਪਾਪ ਲਈ ਮਰ ਜਾਂਦੇ ਹਨ" ਜਿਵੇਂ ਰਸੂਲ ਪੌਲੁਸ ਨੇ ਕਿਹਾ। ਆਓ ਅਸੀਂ ਕਿਰਪਾ ਦੀ ਉਸੇ ਤਰ੍ਹਾਂ ਪਰਿਭਾਸ਼ਾ ਦੇਈਏ ਜਿਵੇਂ ਪਰਮੇਸ਼ੁਰ ਇਸਦੀ ਪਰਿਭਾਸ਼ਾ ਦੇਂਦਾ ਹੈ।"

ਇਸ਼ਮਾਏਲ ਨੇ ਪੁੱਛਿਆ, "ਤਾਂ ਟੀਨੋ, ਬਾਈਬਲ ਇਸਦੀ ਪਰਿਭਾਸ਼ਾ ਕਿਵੇਂ ਦੇਂਦੀ ਹੈ?"

"ਕਿਰਪਾ ਪਰਮੇਸ਼ੁਰ ਦੀ ਮੁਫ਼ਤ ਦਇਆ ਹੈ। ਤੋਬਾ ਕੀਤੇ ਹੋਏ ਵਿਸ਼ਵਾਸੀ, ਮਸੀਹ ਦੁਆਰਾ ਇਹ ਮੁਫ਼ਤ ਪ੍ਰਾਪਤ ਕਰਦੇ ਹਨ, ਜਦੋਂ ਉਹ ਪਾਪ ਲਈ ਮਰ ਜਾਂਦੇ ਹਨ ਅਤੇ ਨਵੇਂ ਜੀਵਨ ਵਿੱਚ ਮਸੀਹ ਨਾਲ ਜੀ ਉੱਠਦੇ ਹਨ, ਪਰਮੇਸ਼ੁਰ ਦੇ ਪਰਿਵਾਰ ਵਿੱਚ ਫਿਰ ਪੈਦਾ ਹੋਕੇ ਜੀਅ ਉੱਠਦੇ ਹਨ। ਉਹ ਪਰਮੇਸ਼ੁਰ ਦੇ ਅਸੀਮਿਤ ਧਨ ਦੇ ਮਸੀਹ ਨਾਲ ਲੇਪਾਲਕ ਪੁੱਤਰ ਅਤੇ ਇਕੱਠੇ ਵਾਰਸ ਬਣਦੇ ਹਨ।"

"ਬਾਈਬਲ ਅਜਿਹੀਆਂ ਗੱਲਾਂ ਕਿੱਥੇ ਸਿਖਾਉਂਦੀ ਹੈ?"

ਟੀਨੋ ਨੇ ਬਾਈਬਲ ਖੋਲ੍ਹੀ। "ਮੈਨੂੰ ਕੁਝ ਚੰਗੇ ਹਵਾਲੇ ਲੱਭਣ ਲਈ ਕੁਝ ਸਮਾਂ ਦਿਹ।" ਵਿਕਟਰ ਨੇ ਵੇਖਿਆ ਕਿ ਇਸ਼ਮਾਏਲ ਨੇ ਆਇਤਾਂ ਲਿਖ ਲਈਆਂ ਜਦੋਂ ਟੀਨੋ ਉਨ੍ਹਾਂ ਦਾ ਜ਼ਿਕਰ ਕਰ ਰਿਹਾ ਸੀ, "ਰੋਮੀਆਂ 5:12 ਤੋਂ 6:18, ਰੋਮੀਆਂ 8 ਅਧਿਆਏ, ਅਤੇ ਅਫ਼ਸੀਆਂ 2:4-7" ਵਿਕਟਰ ਨੇ ਵੀ ਉਨ੍ਹਾਂ ਨੂੰ ਆਪਣੀ ਕਾਪੀ ਤੇ ਲਿਖ ਲਿਆ

ਟੀਨੋ ਨੇ ਸਪੱਸ਼ਟ ਕੀਤਾ ਕਿ "ਬਦਕਿਸਮਤੀ ਨਾਲ ਕੁਝ ਮਸੀਹੀ ਸਿੱਖਿਅਕ ਕਿਰਪਾ ਦੀ ਗਲਤ ਢੰਗ ਨਾਲ ਪਰਿਭਾਸ਼ਾ ਦੇਂਦੇ ਹਨ।" "ਉਹ ਸੋਚਦੇ ਹਨ ਕਿ ਇਸਦਾ ਅਰਥ ਹੈ ਕਿ ਸਾਨੂੰ ਕਦੀ ਕਿਸੇ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ, ਸਾਨੂੰ ਹਰ ਕੀਮਤ ਤੇ ਪਿਆਰੇ ਰਿਸ਼ਤੇ ਬਰਕਰਾਰ ਰੱਖਣੇ ਚਾਹੀਦੇ ਹਨ। ਇਹ ਵਿਚਾਰ ਪਰਮੇਸ਼ੁਰ ਦੇ ਵਚਨ ਨੂੰ ਖ਼ਤਰਨਾਕ ਰੂਪ ਵਿੱਚ ਤੋੜ ਮਰੋੜ ਦੇਂਦਾ ਹੈ! ਪਰਮੇਸ਼ੁਰ ਦੇ ਰਾਜ ਵਿੱਚ ਚਰਵਾਹਿਆਂ ਨੂੰ ਉਨ੍ਹਾਂ ਲੋਕਾਂ ਨੂੰ ਦਰਿੜ੍ਹਤਾ ਨਾਲ ਸੁਧਾਰਦੇ ਹੋਏ ਵਿਰੋਧ ਕਰਨਾ ਚਾਹੀਦਾ ਹੈ ਜਿਹੜੇ ਗਲਤੀ ਕਰਦੇ ਹਨ, ਹਾਲਾਂਕਿ ਇਹ ਅਸਥਾਈ ਉਦਾਸੀ ਲਿਆਉਂਦਾ ਹੈ, ਜਿਵੇਂ ਕਿ ਮਸੀਹ ਅਤੇ ਉਸਦੇ ਰਸੂਲ ਪੌਲੁਸ ਨੇ ਕੀਤਾ। ਸਭ ਤੋਂ ਪਿਆਰਾ ਜੋ ਕੰਮ ਅਸੀਂ ਕਰ ਸਕਦੇ ਹਾਂ ਉਹ ਹੈ ਮਸੀਹ ਵਿੱਚ ਗਲਤ ਅਤੇ ਪਾਪ ਕਰਨ ਵਾਲੇ ਭਰਾ ਨੂੰ ਸੁਧਾਰਨਾ, ਜਦੋਂ ਉਸਨੂੰ ਇਸਦੀ ਲੋੜ ਹੁੰਦੀ ਹੈ, ਹਾਲਾਂਕਿ ਇਹ ਦਰਦਨਾਕ ਹੈ। ਜੇਕਰ ਉਹ ਪਰਮੇਸ਼ੁਰ ਦੀ ਸੱਚੀ ਸੰਤਾਨ ਹੈ ਉਹ ਵਾਪਸ ਆਵੇਗਾ। ਉਹ ਇਸ ਲਈ ਸਾਡਾ ਧੰਨਵਾਦ ਕਰੇਗਾ। ਅਸੀਂ ਉਨ੍ਹਾਂ ਲੋਕਾਂ ਦੀ ਸੰਗਤੀ ਤੋਂ ਹੱਟਣਾ ਹੈ ਜਿਹੜੇ ਗਲਤੀ ਕਰਦੇ ਹਨ ਅਤੇ ਤੋਬਾ ਕਰਨ ਤੋਂ ਇਨਕਾਰ ਕਰਦੇ ਹਨ। ਇਸ ਤਰ੍ਹਾਂ, ਮਸੀਹ ਅਤੇ ਪੌਲੁਸ ਰਸੂਲ ਨੇ ਕਿਹਾ ਕਿ ਅਸੀਂ ਪਾਪੀ ਮਸੀਹੀਆਂ ਤੋਂ ਦੂਰ ਰਹਿਣਾ ਹੈ ਅਤੇ ਉਨ੍ਹਾਂ ਨਾਲ ਪ੍ਰਭੂ ਭੋਜ ਨਹੀਂ ਲੈਣਾ ਹੈ।"

ਇਸ਼ਮਾਏਲ ਨੇ ਟੀਨੋ ਨੂੰ ਪ੍ਰਸ਼ਨ ਕੀਤਾ, "ਬਾਈਬਲ ਦੀਆਂ ਕਿਹੜੀਆਂ ਆਇਤਾਂ ਅਜਿਹੇ ਅਨੁਸ਼ਾਸਨ ਬਾਰੇ ਸਿਖਾਉਂਦੀਆਂ ਹਨ?"

ਟੀਨੋ ਨੇ ਫਿਰ ਆਪਣੀ ਬਾਈਬਲ ਵਿੱਚੋਂ ਵੇਖਿਆ ਅਤੇ ਕਿਹਾ, "ਮੱਤੀ 18:15-20, 1 ਕੁਰਿੰਥੀਆਂ 5 ਅਤੇ ਤੀਤੁਸ 3:10-11" ਇਸ਼ਮਾਏਲ ਅਤੇ ਵਿਕਟਰ ਦੋਹਾਂ ਨੇ ਉਹ ਆਇਤਾਂ ਲਿਖ ਲਈਆਂ।

ਟੀਨੋ ਨੇ ਜਾਰੀ ਰੱਖਿਆ, "ਕਿਰਪਾ ਬਾਰੇ ਇੱਕ ਹੋਰ ਹਾਨੀਕਾਰਕ ਗਲਤਫਹਿਮੀ ਇਹ ਕਹਿਣਾ ਹੈ ਕਿ ਪਰਮੇਸ਼ੁਰ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਪਾਪਾਂ ਲਈ ਜਿੰਮੇਵਾਰ ਨਹੀਂ ਠਹਿਰਾਵੇਗਾ। ਉਹ ਨਿਸ਼ਚਿਤ ਤੌਰ ਤੇ ਉਨ੍ਹਾਂ ਨੂੰ ਜਿੰਮੇਵਾਰ ਠਹਿਰਾਵੇਗਾ। ਉਸਦੀ

ਮਾਫ਼ੀ ਸਾਨੂੰ ਭਰੋਸਾ ਦਿਵਾਉਂਦੀ ਹੈ ਕਿ ਅਸੀਂ ਉਨ੍ਹਾਂ ਲੋਕਾਂ ਵਿੱਚ ਨਹੀਂ ਹੋਵਾਂਗੇ, ਜਿਨ੍ਹਾਂ ਨੂੰ ਮਸੀਹ ਮੌਤ ਤੋਂ ਉਠਾਏਗਾ ਅਤੇ ਸਦੀਪਕ ਸਜ਼ਾ ਲਈ ਭੇਜੇਗਾ, ਜਿਵੇਂ ਕਿ ਯੂਹੰਨਾ 5:24-29 ਵਿੱਚ ਚੇਤਾਵਨੀ ਦਿੱਤੀ ਹੈ। ਪਰ ਕੁਝ ਵੀ ਹੋਵੇ, ਹਾਲਾਂਕਿ ਉਹ ਸਾਨੂੰ ਹਮੇਸ਼ਾ ਲਈ ਉਸਦੇ ਨਾਲ ਰਹਿਣ ਲਈ ਉਠਾਏਗਾ, ਮਸੀਹ ਆਪਣੇ ਨਿਆਂ ਦੀ ਗੱਦੀ ਉੱਤੇ ਬੈਠੇਗਾ ਅਤੇ ਆਪਣੇ ਪਰਤਾਪੀ ਰਾਜ ਦੇ ਅੰਦਰ ਜਾਣ ਦੇ ਬੂਹੇ ਤੇ ਸਾਡੇ ਕੰਮਾਂ ਨੂੰ ਪਰਖੇਗਾ। ਉਹ ਸਾਡੇ ਬੁਰੇ ਕੰਮਾਂ ਨੂੰ ਸਾੜ ਦੇਵੇਗਾ, ਜਿਵੇਂ ਮੂਸਾ ਨੇ ਨਜਾਇਜ਼ ਮਾਲ ਨੂੰ ਸਾੜਿਆ, ਜਿਹੜਾ ਉਸਦੇ ਕੁਝ ਸਿਪਾਹੀਆਂ ਨੇ ਗਿਣਤੀ 31 ਅਧਿਆਏ ਵਿੱਚ ਪਰਮੇਸ਼ੁਰ ਦੇ ਪਵਿੱਤਰ ਡੇਰੇ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ। ਫਿਰ, ਮਸੀਹ ਸਾਨੂੰ ਸਾਡੇ ਚੰਗੇ ਕੰਮਾਂ ਦਾ ਇਨਾਮ ਦੇਵੇਗਾ। ਜੋ ਉਸਦੇ ਨਿਆਂ ਦੇ ਸਾਮ੍ਹਣੇ ਖਰੇ ਹੋਣਗੇ।''

''ਫੇਰ, ਇਸ਼ਮਾਏਲ ਅਤੇ ਵਿਕਟਰ ਨੇ ਉਨ੍ਹਾਂ ਹਵਾਲਿਆਂ ਨੂੰ ਲਿਖ ਲਿਆ ਜਿਨ੍ਹਾਂ ਨੂੰ ਟੀਨੋ ਨੇ ਲੱਭਿਆ:'' 1 ਕੁਰਿੰਥੀਆਂ 3:11-15 ਅਤੇ 2 ਕੁਰਿੰਥੀਆਂ 5:10''

ਇਸ਼ਮਾਏਲ ਫੇਰ ਬੁੜਬੜਾਇਆ, ''ਟੀਨੋ, ਮੈਂ ਹਾਲੇ ਵੀ ਸੋਚਦਾ ਹਾਂ ਕਿ ਤੂੰ ਕਿਰਪਾ ਤੇ ਬਹੁਤ ਜਿਆਦਾ ਜ਼ੋਰ ਦੇਂਦਾ ਹੈਂ।''

''ਇਸ਼ਮਾਏਲ ਮੈਂ ਤੇਰੇ ਕਾਨੂੰਨਵਾਦ ਨੂੰ ਸੁਧਾਰਨ ਲਈ ਇਸ ਤੇ ਜਿਆਦਾ ਜ਼ੋਰ ਦੇਂਦਾ ਹਾਂ!'' ਇਸ਼ਮਾਏਲ ਨੇ ਚੁਣੌਤੀ ਦਿੱਤੀ, ''ਮੈਂ ਇਨ੍ਹਾਂ ਆਇਤਾਂ ਨੂੰ ਪੜ੍ਹਾਂਗਾ ਅਤੇ ਲੱਭਾਂਗਾ। ਕੌਣ ਸਹੀ ਹੈ, ਤੂੰ ਜਾਂ ਮੈਂ!''

ਉਸ ਹਫ਼ਤੇ ਦੌਰਾਨ ਬਾਅਦ ਵਿੱਚ, ਟੀਨੋ ਅਤੇ ਜੂਲੀ ਫੇਰ ਵਿਕਟਰ ਅਤੇ ਲੋਰੀ ਨੂੰ ਮਿਲਣ ਗਏ। ਟੀਨੋ ਨੇ ਪੁੱਛਿਆ, ''ਵਿਕਟਰ ਤੂੰ ਸਾਡੀ ਪਿਛਲੀ ਸਭਾ ਵਿੱਚ ਕਿਉਂ ਨਹੀਂ ਆਇਆ ਸੀ?''

''ਕਿਉਂਕਿ ਮੈਂ ਇਸ ਡਰ ਤੋਂ ਥੱਕ ਚੁੱਕਿਆ ਹਾਂ ਕਿ ਮੈਂ ਇਸ਼ਮਾਏਲ ਅਤੇ ਆਰਥਰ ਨੂੰ ਨਰਾਜ਼ ਕਰਾਂਗਾ। ਅਸੀਂ ਆਪਣੇ ਆਪ ਨੂੰ ਉਹ ਕਰਨਾ ਲੋਚਦੇ ਹਾਂ ਜੋ ਉਹ ਚਾਹੁੰਦੇ ਹਨ ਕਿ ਅਸੀਂ ਕਰੀਏ, ਇਸ ਲਈ ਨਹੀਂ ਕਿ ਅਸੀਂ ਯਿਸੂ ਨੂੰ ਪਿਆਰ ਕਰਦੇ ਹਾਂ, ਪਰ ਕਿਉਂਕਿ ਉਹ ਸਾਨੂੰ ਅਜਿਹਾ ਕਰਨ ਲਈ ਮਜ਼ਬੂਰ ਕਰਦੇ ਹਨ, ਜੋ ਉਹ ਚਾਹੁੰਦੇ ਹਨ। ਦਿਨ ਦੇ ਦੌਰਾਨ ਕੰਮ ਕਰਦੇ ਸਮੇਂ, ਇਸ਼ਮਾਏਲ ਅਕਸਰ ਮੈਨੂੰ ਦੱਸਦਾ ਰਹਿੰਦਾ ਹੈ, ਜੋ ਮੈਨੂੰ ਮਸੀਹੀ ਬਣਨ ਲਈ ਕਰਨਾ ਚਾਹੀਦਾ ਹੈ। ਉਹ ਮੈਨੂੰ ਕਸੂਰਵਾਰ ਮਹਿਸੂਸ ਕਰਵਾਉਂਦਾ ਹੈ, ਜੇਕਰ ਮੈਂ ਉਸ ਨਾਲ ਸਹਿਮਤ ਨਹੀਂ ਹੁੰਦਾ।''

ਲੋਰੀ ਨੇ ਕਿਹਾ, ''ਆਰਥਰ ਮੈਨੂੰ ਡਰ ਮਹਿਸੂਸ ਕਰਾਉਂਦਾ ਹੈ ਕਿ ਸਮੂਹ ਵਿੱਚ ਲੋਕ ਮੈਨੂੰ ਠੁਕਰਾ ਦੇਣਗੇ ਜਾਂ ਪਰਮੇਸ਼ੁਰ ਮੈਨੂੰ ਠੁਕਰਾ ਦੇਵੇਗਾ। ਜਦ ਕਿ ਅਸੀਂ ਅਜਿਹਾ ਡਰ ਮਹਿਸੂਸ ਕਰਦੇ ਹਾਂ ਕਿ ਅਸੀਂ ਸੰਗਤੀ ਦਾ ਅਨੰਦ ਨਹੀਂ ਮਾਣ ਸਕਦੇ।''

ਟੀਨੋ ਨੇ ਕੁਝ ਪਲ ਸੋਚਿਆ ਅਤੇ ਫਿਰ ਕਿਹਾ, ''ਜੇਕਰ ਇਸ਼ਮਾਏਲ ਜਾਂ ਆਰਥਰ ਲੋਕਾਂ ਨੂੰ ਦੂਰ ਹਟਾਉਂਦੇ ਜਾਂ ਵੰਡ ਪਾਉਂਦੇ ਹਨ, ਫਿਰ ਅਸੀਂ ਉਨ੍ਹਾਂ ਨੂੰ ਸੁਧਾਰਾਂਗੇ ਅਤੇ ਅਨੁਸ਼ਾਸਿਤ ਕਰਾਂਗੇ, ਜਿਵੇਂ ਪਰਮੇਸ਼ੁਰ ਮੰਗ ਕਰਦਾ ਹੈ।''

ਵਿਕਟਰ ਨੇ ਪੁੱਛਿਆ, ''ਤੁਸੀਂ ਉਨ੍ਹਾਂ ਨੂੰ ਕਿਵੇਂ ਸਜ਼ਾ ਦਿਓਗੇ?''

''ਮੇਰਾ ਮਤਲਬ ਸਜ਼ਾ ਦੇਣਾ ਨਹੀਂ ਹੈ! ਅਸੀਂ ਸਜ਼ਾ ਪਰਮੇਸ਼ੁਰ ਤੇ ਛੱਡ ਦੇਂਦੇ ਹਾਂ। ਪਰਮੇਸ਼ੁਰ ਕਈ ਦਰਦਨਾਕ ਢੰਗ ਨਾਲ ਆਪਣੇ ਬੱਚਿਆਂ ਦਾ ਅਨੁਸ਼ਾਸਨ ਕਰਦਾ ਹੈ ਕਿਉਂਕਿ ਉਹ ਉਨ੍ਹਾਂ ਨੂੰ ਪਿਆਰ ਕਰਦਾ ਹੈ। ਅਸੀਂ ਨਰਾਜ਼ ਵਿਸ਼ਵਾਸੀਆਂ ਨੂੰ ਸਿਰਫ ਬਹਾਲ ਕਰਨ ਲਈ ਸੁਧਾਰਦੇ ਹਾਂ, ਨਾ ਕਿ ਉਨ੍ਹਾਂ ਨੂੰ ਸਜ਼ਾ ਦੇਣ ਲਈ। ਜਦੋਂ ਵਿਸ਼ਵਾਸੀ ਗੰਭੀਰ ਗਲਤੀ ਕਰਦੇ ਹਨ ਤਾਂ ਸਾਨੂੰ ਉਨ੍ਹਾਂ ਨੂੰ ਨਿਮਰਤਾ ਪਰ ਦਰਿੜਤਾ ਨਾਲ ਸੁਧਾਰਨਾ ਚਾਹੀਦਾ ਹੈ, ਜਿਵੇਂ ਗਲਾਤੀਆਂ 6:1 ਮੰਗ ਕਰਦੀ ਹੈ। ਜੇਕਰ ਉਹ ਸਿਰਫ ਸੁਧਾਰ ਦੀ ਵਿਰੋਧਤਾ ਕਰਦੇ ਹਨ ਅਤੇ ਪਾਪ ਕਰਨਾ ਜ਼ਾਰੀ ਰੱਖਦੇ ਹਨ ਤਾਂ ਸਾਨੂੰ ਉਨ੍ਹਾਂ ਨੂੰ ਤਦ ਤੱਕ ਪ੍ਰਭੂ ਭੋਜ ਵਿੱਚ ਸ਼ਾਮਿਲ ਹੋਣ ਤੋਂ ਕੱਢ ਦੇਣਾ ਚਾਹੀਦਾ ਹੈ ਜਦ ਤੱਕ ਉਹ ਤੋਬਾ ਨਹੀਂ ਕਰਦੇ, ਜਿਵੇਂ 1 ਕੁਰਿੰਥੀਆਂ 5 ਅਧਿਆਏ ਮੰਗ ਕਰਦਾ ਹੈ।''

ਉਨ੍ਹਾਂ ਪ੍ਰਾਰਥਨਾ ਕੀਤੀ ਅਤੇ ਟੀਨੋ ਨੇ ਫਿਰ ਜਵਾਨ ਜੋੜੇ ਨੂੰ ਪਰਮੇਸ਼ੁਰ ਦੇ ਪਿਆਰ ਬਾਰੇ ਭਰੋਸਾ ਦਿਵਾਇਆ। ਉਨ੍ਹਾਂ ਨੂੰ ਅਗਲੇ ਦੋ ਹਫ਼ਤਿਆਂ ਲਈ ਹੌਂਸਲਾ ਮਿਲਿਆ ਅਤੇ ਉਨ੍ਹਾਂ ਪ੍ਰਭੂ ਲਈ ਸਖ਼ਤ ਮਿਹਨਤ ਕੀਤੀ। ਟੀਨੋ ਨੇ ਜੋ ਪਰਮੇਸ਼ੁਰ ਨੇ ਉਸ ਲਈ ਅਤੇ ਲੋਰੀ ਲਈ ਕੀਤਾ ਸੀ, ਉਸ ਬਾਰੇ ਆਪਣੇ ਮਿੱਤਰਾਂ ਨੂੰ ਗਵਾਹੀ ਦਿੱਤੀ। ਉਸਨੇ ਉਨ੍ਹਾਂ ਨੂੰ ਸਦੀਪਕ ਮੁਕਤੀ ਅਤੇ ਮਸੀਹ ਵਿੱਚ ਪਰਮੇਸ਼ੁਰ ਦੀ ਮੁਫ਼ਤ ਕਿਰਪਾ ਬਾਰੇ ਦੱਸਿਆ। ਲੋਰੀ ਨੇ ਵੀ ਆਪਣੇ ਗੁਆਂਢ ਦੀਆਂ ਔਰਤਾਂ ਨੂੰ ਯਿਸੂ ਦੀ ਕਿਰਪਾ ਬਾਰੇ ਦੱਸਿਆ।

ਸਮੂਹ ਅਰਾਧਨਾ ਸਮੇਂ ਤੋਂ ਬਾਅਦ ਟੀਨੋ ਨੇ ਵਿਕਟਰ ਅਤੇ ਲੋਰੀ ਨੂੰ ਦੱਸਿਆ, ''ਤੁਹਾਡੇ ਕੁਝ ਮਿੱਤਰਾਂ ਨੇ ਮਸੀਹ ਨੂੰ ਕਬੂਲ ਕਰ ਲਿਆ ਹੈ। ਮੈਂ ਸੋਚਦਾ ਹਾਂ ਕਿ ਤੈਨੂੰ ਅਤੇ ਵਿਕਟਰ ਨੂੰ ਆਪਣੇ ਘਰ ਵਿੱਚ ਇੱਕ ਨਵੇਂ ਸਮੂਹ ਦੀ ਅਗਵਾਈ ਕਰਨੀ ਚਾਹੀਦੀ ਹੈ।''

''ਕੀ ਤੂੰ ਸੋਚਦਾ ਹੈਂ ਕਿ ਮੈਂ ਇਹ ਕਰ ਸਕਦਾ ਹਾਂ? ਇਸ਼ਮਾਏਲ ਨੂੰ ਮੇਰਾ ਸਮੂਹ ਦੀ ਅਗਵਾਈ ਕਰਨਾ ਪਸੰਦ ਨਹੀਂ ਹੋਵੇਗਾ। ਮੈਂ ਗਲਤੀਆਂ ਕਰ ਸਕਦਾ ਹਾਂ।''

''ਅਸੀਂ ਸਾਰੇ ਗਲਤੀਆਂ ਕਰਦੇ ਹਾਂ, ਇਸ ਲਈ ਕਿਰਪਾ ਕਰਕੇ ਇਸ ਗੱਲ ਤੋਂ ਨਾ ਡਰ। ਜੂਲੀ ਅਤੇ ਮੈਂ ਤੁਹਾਨੂੰ ਸਭ ਕੰਮ ਸਹੀ ਕਰਨ ਵਿੱਚ ਮਦਦ ਕਰਨ ਲਈ ਤੈਨੂੰ ਅਤੇ ਲੋਰੀ ਨੂੰ ਸਿਖਾਉਣਾ ਜਾਰੀ ਰੱਖਾਂਗੇ। ਤੁਹਾਨੂੰ ਇਸ਼ਮਾਏਲ ਜਾਂ ਆਰਥਰ ਕੋਲੋਂ ਡਰਨ ਦੀ ਕੋਈ ਲੋੜ ਨਹੀਂ। ਕਲੀਸਿਯਾਵਾਂ ਦੀ ਰਖਵਾਲੀ ਕਰਨ ਵਾਲੇ ਬਜ਼ੁਰਗ ਵੀ ਹੁਣ ਉਨ੍ਹਾਂ ਦਾ ਸਮਰਥਨ ਨਹੀਂ ਕਰਦੇ। ਅਸੀਂ ਸਹਿਮਤ ਹੋਏ ਹਾਂ ਕਿ ਅਸੀਂ ਆਪਣੇ ਸਮੂਹਾਂ ਦੀ ਉਸਾਰੀ ਪਿਆਰੇ ਸੰਬੰਧਾਂ ਤੇ ਕਰਾਂਗੇ।''

ਲੋਰੀ ਨੇ ਭਰੋਸਾ ਕੀਤਾ, ''ਮੈਨੂੰ ਇਹ ਜਾਣ ਕੇ ਖੁਸ਼ੀ ਹੈ। ਇਸ਼ਮਾਏਲ ਅਤੇ ਆਰਥਰ ਸਾਨੂੰ ਕਸੂਰਵਾਰ ਮਹਿਸੂਸ ਕਰਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।''

''ਟੀਨੋ ਨੇ ਸਲਾਹ ਦਿੱਤੀ, ''ਲੋਰੀ, ਫਿਰ ਉਨ੍ਹਾਂ ਵੱਲ ਕੋਈ ਧਿਆਨ ਨਾ ਦੇਵੀਂ। ''ਹੁਣ ਤੋਂ ਉਹ ਤੁਹਾਡੇ ਆਗੂ ਨਹੀਂ ਹਨ।''

''ਉਹ ਪਰਮੇਸ਼ੁਰ ਦੀ ਕਿਰਪਾ ਨਾਲ ਬਹੁਤ ਕੰਜੂਸੀ ਕਰਦੇ ਹਨ!''

''ਪਰ ਜਿੰਨੀ ਦੇਰ ਤੱਕ ਅਸੀਂ ਆਪਣੀ ਨਿਹਚਾ ਵਿੱਚ ਸਥਿਰ ਰਹਿੰਦੇ ਹਾਂ, ਉਨ੍ਹਾਂ ਕੋਲ ਇਸਦਾ ਵਹਾ ਰੋਕਣ ਦਾ ਕੋਈ ਅਧਿਕਾਰ ਨਹੀਂ ਹੈ।''

''ਨਵਾਂ ਸਮੂਹ ਸ਼ੁਰੂ ਕਰਨ ਬਾਰੇ ਗੱਲਬਾਤ ਕਰਨ ਅਤੇ ਪ੍ਰਾਰਥਨਾ ਕਰਨ ਤੋਂ ਬਾਅਦ, ਵਿਕਟਰ ਇਸਦੀ ਅਗਵਾਈ ਕਰਨ ਲਈ ਸਹਿਮਤ ਹੋ ਗਿਆ। ਉਨ੍ਹਾਂ ਦੀਆਂ ਪਹਿਲੀਆਂ ਦੋ ਸਭਾਵਾਂ ਤੋਂ ਬਾਅਦ ਉਸਨੇ ਲੋਰੀ ਨੂੰ ਕਿਹਾ, ''ਸਮੂਹ ਦੀ ਸ਼ੁਰੂਆਤ ਕਰਨਾ ਬਹੁਤ ਸੌਖਾ ਸੀ। ਅਸੀਂ ਸਧਾਰਨ ਰੂਪ ਵਿੱਚ ਉਨ੍ਹਾਂ ਗੱਲਾਂ ਨੂੰ ਦੁਹਰਾਇਆ ਜੋ ਟੀਨੋ ਅਤੇ ਜੂਲੀ ਨੇ ਸਾਡੇ ਲਈ ਕੀਤੀਆਂ ਸਨ।''

''ਅੱਜ ਮੈਂ ਸਵੇਰੇ ਪੜ੍ਹਿਆ ਜੋ ਰਸੂਲ ਪੌਲੁਸ 1 ਕੁਰਿੰਥੀਆਂ 11:1 ਵਿੱਚ ਨਿਰਦੇਸ਼ ਦੇਂਦਾ ਹੈ, ''ਮੇਰੀ ਰੀਸ ਕਰੋ, ਜਿਵੇਂ ਮੈਂ ਮਸੀਹ ਦੀ ਰੀਸ ਕਰਦਾ ਹਾਂ। ਅਸੀਂ ਇਵੇਂ ਕਰ ਰਹੇ ਹਾਂ, ਵਿਕਟਰ। ਅਸੀਂ ਆਪਣੇ ਸਿੱਖਿਅਕ ਟੀਨੋ ਦੀ ਰੀਸ ਕਰਦੇ ਹਾਂ, ਅਤੇ ਉਹ ਯਿਸੂ ਦੀ ਰੀਸ ਕਰਦਾ ਹੈ।''

''ਹਾਂ, ਅਤੇ ਨਤੀਜ਼ਾ ਵੇਖ!'' ਵਿਕਟਰ ਖੁਸ਼ ਹੋਇਆ, ''ਸਾਡੇ ਕੁਝ ਮਿੱਤਰ, ਅਤੇ ਉਨ੍ਹਾਂ ਦੇ ਮਿੱਤਰ ਅਤੇ ਉਨ੍ਹਾਂ ਮਿੱਤਰਾਂ ਦੇ ਮਿੱਤਰ, ਮਸੀਹ ਵੱਲ ਆ ਰਹੇ ਹਨ। ਕਿਰਪਾ ਦੀ ਨਦੀ ਮੇਰੀ ਕਲਪਨਾ ਤੋਂ ਵੀ ਤੇਜ਼ ਵਹਿ ਰਹੀ ਹੈ!''

ਟੀਨੋ ਹਫ਼ਤੇ ਬਾਅਦ ਵਿਕਟਰ ਨੂੰ ਮਿਲਦਾ ਸੀ, ਇਹ ਸੁਣਨ ਲਈ ਕਿ ਉਸਦਾ ਨਵਾਂ ਸਮੂਹ ਕਿਵੇਂ ਤਰੱਕੀ ਕਰ ਰਿਹਾ ਹੈ, ਅਤੇ ਉਨ੍ਹਾਂ ਨੂੰ ਅਗਲੀਆਂ ਸਭਾਵਾਂ ਦੀਆਂ ਯੋਜਨਾਵਾਂ ਬਣਾਉਣ ਵਿੱਚ ਮਦਦ ਕਰਦਾ ਸੀ। ਜਦੋਂ ਉਹ ਮਸੀਹ ਵਿੱਚ ਅਤੇ ਉਨ੍ਹਾਂ ਦੇ ਨਵੇਂ ਸਮੂਹ ਵਿੱਚ ਪਰਮੇਸ਼ੁਰ ਦੇ ਵਚਨ ਨੂੰ ਲਾਗੂ ਕਰਨ ਦੀ ਸਮਝ ਵਿੱਚ ਵੱਧ ਗਏ, ਵਿਕਟਰ ਟੀਨੋ ਨੂੰ ਬਹੁਤ ਘੱਟ ਮਿਲਦਾ ਸੀ।

''ਇਨ੍ਹਾਂ ਵਿੱਚੋਂ ਇੱਕ ਸਿੱਖਿਆ ਦੇਣ ਵਾਲੇ ਸ਼ੈਸਨਾਂ ਵਿੱਚੋਂ ਇੱਕ ਦੌਰਾਨ, ਟੀਨੋ ਨੇ ਉਸਨੂੰ ਦੱਸਿਆ, ''ਮੈਂ ਉਨ੍ਹਾਂ ਪ੍ਰਚਾਰਕਾਂ ਨੂੰ ਮਿਲਣ ਲਈ ਜਾ ਰਿਹਾ ਹਾਂ, ਜਿਨ੍ਹਾਂ ਨੂੰ ਸਾਡੇ ਸਮੂਹ ਨੇ ਦੇਸ਼ ਦੇ ਇੱਕ ਹੋਰ ਹਿੱਸੇ ਵਿੱਚ ਭੇਜਿਆ ਹੈ। ਮੈਂ ਬਹੁਤ ਸਾਰੇ ਹਫ਼ਤਿਆਂ ਲਈ ਜਾ ਰਿਹਾ ਹਾਂ। ਜਦ ਮੈਂ ਇੱਥੇ ਨਹੀਂ ਹੋਵਾਂਗਾ, ਮੈਨੂੰ ਉਮੀਦ ਹੈ ਕਿ ਤੂੰ ਅਤੇ ਲੋਰੀ ਆਪਣੇ ਸਮੂਹ ਵਿੱਚ ਹਰ ਵਿਅਕਤੀ ਨੂੰ ਉਨ੍ਹਾਂ ਦੇ ਵੱਖ-ਵੱਖ ਆਤਮਿਕ ਵਰਦਾਨਾਂ ਨਾਲ ਦੂਜਿਆਂ ਦੀ ਸੇਵਾ ਕਰਨ ਵਿੱਚ ਮਦਦ ਕਰੋਗੇ। ਇਹ ਜਰੂਰੀ ਨਹੀਂ ਕਿ ਹਰ ਕੋਈ ਉਨ੍ਹਾਂ ਦੇ ਵਰਦਾਨਾਂ ਬਾਰੇ ਸਭ ਕੁਝ ਜਾਣਦਾ ਹੈ। ਪਰ ਇਹ ਜਰੂਰੀ ਹੈ ਕਿ ਉਹ ਨਵੇਂ ਨੇਮ ਦੇ 'ਇੱਕ-ਦੂਜੇ' ਹੁਕਮਾਂ ਦਾ ਅਭਿਆਸ ਕਰਨ।''

ਵਿਕਟਰ ਨੇ ਪੁੱਛਿਆ, ''ਇੱਕ-ਦੂਜੇ' ਹੁਕਮ ਕਿਹੜੇ ਹਨ?''

''ਉਨ੍ਹਾਂ ਵਿੱਚ 'ਇੱਕ ਦੂਜੇ ਦੀ ਸੇਵਾ ਕਰਨਾ,' ਇੱਕ ਦੂਜੇ ਦਾ ਬੋਝ ਚੁੱਕਣਾ, 'ਇੱਕ ਦੂਜੇ ਅੱਗੇ ਆਪਣੇ ਅਪਰਾਧਾਂ ਦੀ ਮਾਫ਼ੀ ਮੰਗਣਾ', 'ਇੱਕ ਦੂਜੇ ਨੂੰ ਸੁਧਾਰਣਾ', ਇੱਕ ਦੂਜੇ ਨੂੰ ਸਰਗਰਮੀ ਨਾਲ ਪਿਆਰ ਕਰਨਾ', 'ਇੱਕ ਦੂਜੇ ਨੂੰ ਮਾਫ਼ ਕਰਨਾ', ਅਤੇ ਹੋਰ ਬਹੁਤ ਸਾਰੇ ਹੁਕਮ ਸ਼ਾਮਿਲ ਹਨ। ਉਨ੍ਹਾਂ ਵਿੱਚੋਂ ਕੁਝ ਬਹੁਤ ਵਾਰ ਦੁਹਰਾਏ ਗਏ ਹਨ। ਉਨ੍ਹਾਂ ਲਈ ਸਾਡੇ ਸਮੂਹਾਂ ਦੇ ਵਿਚਕਾਰ ਅਤੇ ਅੰਦਰ ਪਿਆਰੇ ਪਰਸਪਰ ਪ੍ਰਭਾਵ ਦੀ ਲੋੜ ਹੈ।''

ਉਨ੍ਹਾਂ ਨੇ ਨਵੇਂ ਨੇਮ ਵਿੱਚ, ਯਿਸੂ ਅਤੇ ਉਸਦੇ ਚੇਲਿਆਂ ਦੇ ਇੱਕ-ਦੂਜੇ ਹੁਕਮ ਅਤੇ ਹੋਰ ਉਹੋ ਜਿਹੇ ਹੁਕਮ ਲੱਭੇ, ਜਿਨ੍ਹਾਂ ਲਈ ਵਿਸ਼ਵਾਸੀਆਂ ਵਿੱਚ ਪਰਸਪਰ ਪ੍ਰਭਾਵ ਦੀ ਲੋੜ ਹੈ। ਵਿਕਟਰ ਨੇ ਉਨ੍ਹਾਂ ਨੂੰ ਸਾਵਧਾਨੀ ਨਾਲ ਲਿਖ ਲਿਆ ਅਤੇ ਉਨ੍ਹਾਂ ਨੂੰ ਹੇਠ ਲਿਖੇ ਅਨੁਸਾਰ, ਉਨ੍ਹਾਂ ਦੇ ਵੱਖ-ਵੱਖ ਲਾਗੂ ਕਰਨ ਅਨੁਸਾਰ ਭਾਗਾਂ ਵਿੱਚ ਵੰਡ ਦਿੱਤਾ।

## ਪਰਸਪਰ ਪ੍ਰਭਾਵ ਲਈ 'ਇੱਕ-ਦੂਜੇ' ਹੁਕਮ

ਪਿਆਰ :

ਇੱਕ ਦੂਜੇ ਨੂੰ ਪਿਆਰ ਕਰੋ : ਯੂਹੰਨਾ 13:34-35 ; 5:12, 17 ;ਰੋਮੀਆਂ 12:10; 1 ਥੱਸਲੁਨੀਕੀਆਂ 4:9; 1 ਯੂਹੰਨਾ 3:11, 14, 23; 4:7, 11, 12; 2 ਯੂਹੰਨਾ 1:5; 1 ਪਤਰਸ 1:22

ਸ਼ਰਾ ਨੂੰ ਪੂਰਿਆਂ ਕਰਨ ਲਈ ਇੱਕ ਦੂਜੇ ਨੂੰ ਪਿਆਰ ਕਰੋ: ਰੋਮੀਆਂ 13:8

ਇੱਕ ਦੂਜੇ ਲਈ ਆਪਣੇ ਪਿਆਰ ਨੂੰ ਵਧਾਓ: 2 ਥੱਸਲੁਨੀਕੀਆਂ 1:3

ਇੱਕ ਦੂਜੇ ਨੂੰ ਬਹੁਤਾ ਪਿਆਰ ਕਰੋ: 1 ਥੱਸਲੁਨੀਕੀਆਂ 3:12

ਬਾਹਲਿਆਂ ਪਾਪਾਂ ਨੂੰ ਢੱਕਣ ਲਈ ਇੱਕ ਦੂਜੇ ਨੂੰ ਗੂੜਾ ਪਿਆਰ ਕਰੋ: 1 ਪਤਰਸ 4:8

ਪਰਵਾਹ ਨਾਲ ਪਰਸਪਰ ਪ੍ਰਭਾਵ ਪਾਓ:

ਇੱਕ ਦੂਜੇ ਨਾਲ ਸੰਗਤੀ ਕਰੋ: 1 ਯੂਹੰਨਾ 1:7

ਇੱਕ ਦੂਜੇ ਨੂੰ ਮਾਫ਼ ਕਰੋ : ਅਫ਼ਸੀਆਂ 3:13; 4:32; ਕੁਲੁੱਸੀਆਂ 3:13

ਪਵਿੱਤਰ ਚੁੰਮੇ (ਕੁਝ ਸੱਭਿਆਚਾਰਾਂ ਵਿੱਚ ਗਲੇ ਲਾਓ) ਨਾਲ ਇੱਕ ਦੂਜੇ ਨੂੰ ਨਮਸਕਾਰ ਕਰੋ: ਰੋਮੀਆਂ 16:16; 1 ਕੁਰਿੰਥੀਆਂ 16:20; 2 ਕੁਰਿੰਥੀਆਂ 13:12; 1 ਪਤਰਸ 5:14

ਰੋਟੀ ਤੋੜਨ ਲਈ ਇੱਕ ਦੂਜੇ ਦੀ ਉਡੀਕ ਕਰੋ: 1 ਕੁਰਿੰਥੀਆਂ 11:33

ਇੱਕ ਦੂਜੇ ਦੇ ਦੁੱਖ ਉਠਾਓ: 1 ਕੁਰਿੰਥੀਆਂ 12:26

ਇੱਕ ਦੂਜੇ ਦੀ ਸੇਵਾ ਕਰੋ (ਇਕੱਲੇ ਇਕੱਲੇ ਵਿਅਕਤੀ ਅਤੇ ਸਮੂਹਾਂ ਤੇ ਲਾਗੂ ਕਰੋ; ਸਮੂਹ ਦੂਜੇ ਸਮੂਹਾਂ ਦੀ ਸੇਵਾ ਕਰਨ): ਗਲਾਤੀਆਂ 5:13

ਸੇਵਾ ਕਰੋ :

ਹਰ ਵਿਅਕਤੀ ਪ੍ਰਾਪਤ ਹੋਏ ਵਰਦਾਨਾਂ ਨਾਲ ਇੱਕ ਦੂਜੇ ਦੀ ਸੇਵਾ ਕਰੇ: 1 ਪਤਰਸ 4:10

ਪਿਆਰ ਨਾਲ ਇੱਕ ਦੂਜੇ ਦੀ ਸੇਵਾ ਕਰੋ: ਗਲਾਤੀਆਂ 5:13

ਇੱਕ ਦੂਜੇ ਪ੍ਰਤੀ ਦਿਆਲੂ ਬਣੋ: 1 ਥੱਸਲੁਨੀਕੀਆਂ 5:15

ਇੱਕ ਦੂਜੇ ਦੀ ਚਿੰਤਾ ਕਰੋ: 1 ਕੁਰਿੰਥੀਆਂ 12:25

ਇੱਕ ਦੂਜੇ ਦਾ ਭਾਰ ਚੁੱਕੋ: ਗਲਾਤੀਆਂ 6:2

ਇੱਕ ਦੂਜੇ ਦੇ ਪੈਰ ਧੋਵੋ (ਦੂਜਿਆਂ ਪ੍ਰਤੀ ਦੀਨ ਸੇਵਾ ਦਾ ਚਿੰਨ੍ਹ): ਯੂਹੰਨਾ 13:14

ਇੱਕ ਦੂਜੇ ਨਾਲ ਮਿਲਕੇ ਕੰਮ ਕਰੋ: 1 ਕੁਰਿੰਥੀਆਂ 3:9, 2 ਕੁਰਿੰਥੀਆਂ 6:1

ਉਪਦੇਸ਼ ਦਿਓ:

ਇੱਕ ਦੂਜੇ ਨੂੰ ਉਪਦੇਸ਼ ਦਿਓ: ਕੁਲੱਸੀਆਂ 3:16

ਇੱਕ ਦੂਜੇ ਨੂੰ ਸਿਖਾਓ: ਰੋਮੀਆਂ 5:14

ਉਤਸ਼ਾਹਿਤ ਕਰੋ:

ਇੱਕ ਦੂਜੇ ਨੂੰ ਉਤਸ਼ਾਹਿਤ ਕਰੋ: ਕੁਲੁੱਸੀਆਂ 3:16, ਇਬਰਾਨੀਆਂ 10:25

ਇੱਕ ਦੂਜੇ ਨੂੰ ਉਪਦੇਸ਼ ਕਰੋ: ਇਬਰਾਨੀਆਂ 3:13

ਇੱਕ ਦੂਜੇ ਨਾਲ ਸੱਚ ਬੋਲੋ: ਅਫ਼ਸੀਆਂ 4:25

ਇਕ ਦੂਜੇ ਲਈ ਆਪਣੇ ਜੀਵਨਾਂ ਨੂੰ ਕੁਰਬਾਨ ਕਰੋ: 1 ਯੂਹੰਨਾ 3:16

ਪ੍ਰੇਮ ਅਰ ਸ਼ੁਭ ਕਰਮਾਂ ਲਈ ਇੱਕ ਦੂਜੇ ਨੂੰ ਉਭਾਰੋ: ਇਬਰਾਨੀਆਂ 10:24

ਤਸੱਲੀ ਦਿਓ:

ਇੱਕ ਦੂਜੇ ਨੂੰ ਤਸੱਲੀ (ਮਜਬੂਤ ਕਰੋ, ਉਸਾਰੋ) ਦਿਓ: 1 ਥੱਸਲੁਨੀਕੀਆਂ 4:18 ਅਤੇ 5:1,11

ਇਕੱਠੇ ਹੋ ਕੇ ਇੱਕ ਦੂਜੇ ਨੂੰ ਭਜਨ, ਸਿੱਖਿਆ, ਅਗੰਮ ਗਿਆਨ, ਪਰਾਈ ਭਾਖਿਆਂ ਦੇ ਅਰਥ ਨਾਲ ਤਸੱਲੀ ਦਿਓ: 1 ਕੁਰਿੰਥੀਆਂ 14:26

ਆਤਮਿਕ ਦੇਖਭਾਲ ਕਰੋ:

ਇੱਕ ਦੂਜੇ ਨਾਲ ਪਾਪਾਂ ਦਾ ਇਕਰਾਰ ਕਰੋ: ਯਾਕੂਬ 5:16

ਇੱਕ ਦੂਜੇ ਲਈ ਪ੍ਰਾਰਥਨਾ ਕਰੋ: ਯਾਕੂਬ 5:16

ਸਮੂਹਾਂ ਅੰਦਰ ਅਤੇ ਵਿਚਕਾਰ ਏਕਤਾ ਪੈਦਾ ਕਰੋ

ਦੀਨਤਾ ਨਾਲ ਕੰਮ ਕਰੋ:

ਇੱਕ ਦੂਜੇ ਦਾ ਆਦਰ ਕਰੋ: ਰੋਮੀਆਂ 12:10

ਇੱਕ ਦੂਜੇ ਨਾਲ ਸਹਿਮਤ ਹੋਵੇ: 2 ਕੁਰਿੰਥੀਆਂ 13:11, ਰੋਮੀਆਂ 12:16; 15:5

ਇੱਕ ਦੂਜੇ ਤੇ ਦੋਸ਼ ਨਾ ਲਾਓ: ਰੋਮੀਆਂ 14:13

ਇੱਕ ਦੂਜੇ ਦੇ ਵਿਰੁੱਧ ਨਾ ਬੋਲੋ: ਯਾਕੂਬ 4:11 ; 5:9

ਇੱਕ ਦੂਜੇ ਦੇ ਅਧੀਨ ਹੋਵੋ: ਅਫ਼ਸੀਆਂ 5:21

ਇੱਕ ਦੂਜੇ ਪ੍ਰਤੀ ਹਲੀਮੀ ਨੂੰ ਪਹਿਨ ਲਵੋ : 1 ਪਤਰਸ 5:5

ਇੱਕਸੁਰਤਾ ਨਾਲ ਪਿਆਰ ਕਰੋ:

ਇੱਕ ਦੂਜੇ ਨਾਲ ਧੀਰਜ ਰੱਖੋ: ਅਫ਼ਸੀਆਂ 4:2

ਇੱਕ ਦੂਜੇ ਨਾਲ ਸ਼ਾਂਤੀ ਵਿੱਚ ਰਹੋ: 1 ਥੱਸਲੁਨੀਕੀਆਂ 5:13

ਪ੍ਰਾਹੁਣਚਾਰੀ ਨਾਲ ਇੱਕ ਦੂਜੇ ਨੂੰ ਸਵਿਕਾਰ ਕਰੋ: ਰੋਮੀਆਂ 15:7 ; I ਪਤਰਸ 4:9

ਇਕੱਠੇ ਮਿਲਕੇ ਪਰਮੇਸ਼ੁਰ ਦੀ ਵਡਿਆਈ ਕਰੋ: ਰੋਮੀਆਂ 15:9

''ਮੈਂ ਸੋਚਦਾ ਹਾਂ ਅਸੀਂ ਆਪਣੇ ਸਮੂਹ ਵਿੱਚ ਨਵੇਂ ਵਿਸ਼ਵਾਸੀਆਂ ਨੂੰ ਇਨ੍ਹਾਂ ਇੱਕ ਦੂਜੇ ਹੁਕਮਾਂ ਦਾ ਅਭਿਆਸ ਕਰਨ ਵਿੱਚ ਮਦਦ ਕਰ ਸਕਦੇ ਹਾਂ,'' ਵਿਕਟਰ ਨੇ ਕਿਹਾ, ''ਪਰ ਮੈਨੂੰ ਇੱਕ ਚਿੰਤਾ ਹੈ। ਆਖ਼ਰੀ ਵਾਰ ਜਦੋਂ ਅਸੀਂ ਮਿਲੇ ਸੀ, ਉਨ੍ਹਾਂ ਵਿੱਚੋਂ ਕੁਝ ਇੱਕ ਦੂਜੇ ਨਾਲ ਬਹਿਸ ਕਰ ਰਹੇ ਸਨ,''

''ਤੁਹਾਨੂੰ ਪਰਮੇਸ਼ੁਰ ਦੀ ਮਦਦ ਦੀ ਲੋੜ ਪਵੇਗੀ, ਕਿਉਂਕਿ ਸ਼ੈਤਾਨ ਅਜਿਹੇ ਪਿਆਰੇ ਪਰਸਪਰ ਪ੍ਰਭਾਵ ਦਾ ਵਿਰੋਧ ਕਰਦਾ ਹੈ। ਉਸਦੀਆਂ ਦੁਸ਼ਟ ਆਤਮਾਵਾ ਸਾਨੂੰ ਉਸ ਢੰਗ ਨਾਲ ਇੱਕ ਦੂਜੇ ਦੀ ਸੇਵਾ ਕਰਨ ਤੋਂ ਰੋਕਦੀਆਂ ਹਨ, ਜਿਵੇ :ਪਰਮੇਸ਼ੁਰ ਮੰਗ ਕਰਦਾ ਹੈ। ਸ਼ੈਤਾਨ ਨਫ਼ਰਤ ਕਰਦਾ ਹੈ ਜਦੋਂ ਵਿਸ਼ਵਾਸੀ ਉਨ੍ਹਾਂ ਦੇ ਆਤਮਿਕ ਵਰਦਾਨਾਂ ਦਾਂ ਇਸਤੇਮਾਲ ਇੱਕ ਦੂਜੇ ਦੀ ਸੇਵਾ ਕਰਨ ਲਈ ਕਰਦੇ ਹਨ। ਉਹ ਅਤੇ ਉਸਦੀਆਂ ਦੁਸ਼ਟ ਆਤਮਾਂਵਾਂ ਜਿਹੜੀਆਂ ਉਸਦੀ ਮਦਦ ਕਰਦੀਆਂ ਹਨ, ਕਦੀ ਵੀ ਪਰਮੇਸ਼ੁਰ ਦੀ ਕਿਰਪਾਂ ਦੇ ਮੁਫ਼ਤ ਵਹਾ ਦਾ ਗਲਾ ਘੁੱਟਣ ਤੋਂ ਸੰਘਰਸ਼ ਕਰਨਾ ਨਹੀ ਰੁੱਕਦੀਆਂ। ਪਰ ਯਿਸੂ ਆਪਣੀ ਮੌਤ ਅਤੇ ਜੀਅ ਉਠੱਣ ਦੁਆਰਾ ਹਮੇਸ਼ਾ ਲਈ ਦੁਸ਼ਟ ਆਤਮਾਵਾਂ ਦੀਆਂ ਸ਼ਕਤੀਆ ਦਾ ਨਾਸ ਕਰ ਚੁੱਕਾ ਹੈ, ਜਿਵੇਂ ਕਿ ਕੁਲੁੱਸੀਆਂ 2:13-15 ਪੁਸ਼ਟੀ ਕਰਦੀ ਹੈ।''

''ਵਿਕਟਰ ਨੇ ਬੇਨਤੀ ਕੀਤੀ,'' ਕਿਰਪਾ ਕਰਕੇ ਆਤਮਿਕ ਵਰਦਾਨਾਂ ਬਾਰੇ ਥੋੜਾ ਹੋਰ ਸਮਝਾਉ।''

''ਬਾਈਬਲ ਵਿੱਚ ਵਰਦਾਨਾ'' ਲਈ ਅਸਲ ਸ਼ਬਦ ਕੈਰਿਸਮੈਸ ਸੀ, ਜਿਸਦਾ ਅਨੁਵਾਦ 'ਕਿਰਪਾਵਾ' ਜਾਂ 'ਵਰਦਾਨਾਂ' ਦੇ ਰੂਪ ਵਿੱਚ ਕੀਤਾ ਜਾ ਸਕਦਾ ਹੈ। ਪਰਮੇਸ਼ੁਰ ਇਹ ਖਾਸ ਯੋਗਤਾਵਾਂ, ਦੂਜੇ ਲੋਕਾਂ ਦੀ ਸੇਵਾ ਕਰਨ ਲਈ ਦੇਂਦਾ ਹੈ, ਉਹ ਉਸਦੀ ਕਿਰਪਾ ਦੀ ਉਪਜ ਹਨ। ਜਦੋਂ ਅਸੀਂ ਇੱਕ ਦੂਜੇ ਦੀ ਸੇਵਾ ਕਰਨ ਲਈ ਆਪਣੇ ਵਰਦਾਨਾਂ ਦਾ ਪ੍ਰਯੋਗ ਕਰਦੇ ਹਾਂ ਤਾਂ ਅਸੀਂ ਆਪਣੇ ਦੁਆਰਾ ਉਸਦੀ ਕਿਰਪਾ ਨੂੰ ਦੂਜਿਆਂ ਤੱਕ ਵਹਿਣ ਦੇਂਦੇ ਹਾਂ। ਸਾਰੇ ਵਿਸ਼ਵਾਸੀਆਂ ਕੋਲ ਵਰਦਾਨ ਹਨ ਅਤੇ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਸੇਵਕਾਈ ਵਿੱਚ ਪ੍ਰਯੋਗ ਕਰਨਾ ਚਾਹੀਦਾ ਹੈ, ਜਿਵੇਂ ਅਫ਼ਸੀਆਂ 4:11-12 ਪ੍ਰਗਟ ਕਰਦੀ ਹੈ।''

''ਆਰਥਰ ਨੇ ਮੈਨੂੰ ਕੱਲ ਦੱਸਿਆ ਕਿ ਮੁੱਖ ਸੇਵਕਾਈ ਪ੍ਰਚਾਰ ਕਰਨਾ ਹੈ। ਕੀ ਇਹ ਸੱਚ ਹੈ?''

''ਸੇਵਕਾਈ, ਪ੍ਰਚਾਰ ਕਰਨ ਨਾਲੋਂ ਕਿਤੇ ਵੱਧਕੇ ਹੈ'' ਟੀਨੋ ਨੇ ਜ਼ੋਰ ਦਿੱਤਾ। ''ਪਰਮੇਸ਼ੁਰ ਸਾਰੇ ਵਿਸ਼ਵਾਸੀਆਂ ਨੂੰ ਵੱਖ ਵੱਖ ਸੇਵਕਾਈਆਂ ਲਈ ਖਾਸ ਕਿਰਪਾ ਦੇਂਦਾ ਹੈ, ਤਾਂ ਕਿ ਅਸੀਂ ਦੂਜਿਆਂ ਨੂੰ ਬਰਕਤ ਦੇ ਸਕੀਏ ''ਉਨ੍ਹਾਂ ਨੇ ਸੇਵਕਾਈ ਕਰਨ ਦੇ ਵੱਖ ਵੱਖ ਢੰਗਾਂ ਤੇ ਵਿਚਾਰ ਵਿਮਰਸ਼ ਕੀਤਾ, ਜਿਨ੍ਹਾਂ ਦੀ ਨਵਾਂ ਨੇਮ ਮਸੀਹੀ ਮੰਡਲੀਆਂ ਤੋਂ ਮੰਗ ਕਰਦਾ ਹੈ। ਵਿਕਟਰ ਨੇ ਦੂਜਿਆਂ ਦੀ ਸੇਵਕਾਈ ਕਰਨ ਦੇ ਢੰਗਾਂ ਨੂੰ ਆਪਣੀ ਕਾਪੀ ਵਿੱਚ ਲਿਖ ਲਿਆ:

''ਪਾਸਟਰ ਹੋਣ ਦੇ ਨਾਤੇ ਸਲਾਹ ਦੇਣਾ, ਸੁਧਾਰਣਾ ਅਤੇ ਜਿਹੜੇ ਦੁਖੀ ਹਨ ਤਸੱਲੀ ਦੇਣਾਂ,
ਚੰਗਾ ਕਰਨਾ, ਮਦਦ ਕਰਨਾ, ਦਯਾ ਵਿਖਾਉਣਾ, ਤਸੱਲੀ,
ਭਵਿੱਖਬਾਣੀ ਅਤੇ ਉਤਸ਼ਾਹ ਦੇ ਸ਼ਬਦ ਬੋਲਣਾ,
ਭੰਡਾਰੀਪਣ (ਦਾਨ ਦੇਣਾ) ਦਾ ਅਭਿਆਸ ਕਰਨਾ,
ਪ੍ਰਾਰਥਨਾ ਵਿੱਚ ਸਿਫ਼ਾਰਸ਼ ਕਰਨਾ ਅਤੇ ਪਰਿਵਾਰਿਕ ਭਗਤੀ ਕਰਨਾ,
ਵਿਆਹ, ਪਰਿਵਾਰ ਅਤੇ ਬੱਚਿਆਂ ਦੀ ਦੇਖਭਾਲ ਨੂੰ ਮਜਬੂਤ ਕਰਨਾ,
ਅਰਾਧਨਾ ਕਰਨਾ ਅਤੇ ਸੰਗਤੀ ਲਈ ਖਾਸ ਕਾਰਜਕ੍ਰਮਾਂ ਦੀ ਯੋਜਨਾ ਬਣਾਉਣਾ,
ਸ਼ੁਭ ਸਮਾਚਾਰ ਦਾ ਪ੍ਰਚਾਰ ਕਰਨਾ, ਚੇਲੇ ਬਣਾਉਣਾ, ਕਲੀਸਿਯਾ ਦੀ ਰਖਵਾਲੀ ਕਰਨਾ,
ਨਵੀਆਂ ਕਲੀਸਿਯਾਵਾਂ ਜਾਂ ਸਮੂਹ ਸ਼ੁਰੂ ਕਰਨੇ ਅਤੇ ਪ੍ਰਚਾਰਕ ਭੇਜਣੇ,
ਲੋਕਾਂ ਦੀਆਂ ਲੋੜਾਂ ਪ੍ਰਤੀ, ਪਰਮੇਸ਼ੁਰ ਦਾ ਵਚਨ ਲਾਗੂ ਕਰਨ ਅਤੇ ਆਗੂਆਂ ਨੂੰ ਸਿੱਖਿਆ ਦੇਣੀ।''

ਵਿਕਟਰ ਨੇ ਟਿੱਪਣੀ ਕੀਤੀ। ''ਹੁਣ ਜਦ ਕਿ ਮੈਂ ਬਹੁਤ ਸਾਰੀਆਂ ਚੀਜਾਂ ਵੇਖਦਾ ਹਾਂ ਜੋ ਅਸੀਂ ਆਪਣੇ ਸਮੂਹ ਨੂੰ ਕਰਨ ਲਈ ਸਿਖਾਉਣੀਆਂ ਹਨ, ਮੈਨੂੰ ਹੈਰਾਨੀ ਹੋ ਰਹੀ ਹੈ ਕਿ, ਕੀ ਅਸੀਂ ਇਹ ਸਭ ਕਰ ਲਵਾਂਗੇ।''

''ਤੁਸੀਂ ਪਰਮੇਸ਼ੁਰ ਦੀ ਮਦਦ ਤੋਂ ਬਿਨ੍ਹਾਂ ਨਹੀਂ ਕਰ ਸਕਦੇ, ਪਰ ਉਸਨੇ ਤੁਹਾਡੀ ਮਦਦ ਕਰਨ ਦਾ ਵਾਅਦਾ ਕੀਤਾ ਹੈ।''

ਅਗਲੇ ਦਿਨ ਸਵੇਰ ਨੂੰ, ਦਰਵਾਜ਼ੇ ਤੇ ਕਿਸੇ ਦੇ ਖੜਕਾਉਣ ਕਾਰਨ ਵਿਕਟਰ ਦੀ ਜਾਗ ਖੁਲ੍ਹ ਗਈ। ਉਸਨੇ ਬਾਰੀ ਰਾਹੀਂ ਵੇਖਿਆ। ''ਬਾਹਰ ਇਸ਼ਮਾਏਲ ਸੀ! ਲੱਗਦਾ ਕੋਈ ਗੜਬੜ ਹੈ।''

ਉਸਨੇ ਇਸ਼ਮਾਏਲ ਨੂੰ ਅੰਦਰ ਆਉਣ ਦਿੱਤਾ, ਜਦ ਕਿ ਲੋਰੀ ਨੇ ਆਪਣੀ ਪੁਸ਼ਾਕ ਪਹਿਨੀ। ਇਸ਼ਮਾਏਲ ਨੇ ਹੌਕਾ ਲਿਆ, ''ਵਿਕਟਰ! ਵਿਕਟਰ ਅੱਜ ਤੈਨੂੰ ਕੰਮ ਤੇ ਜਾਣ ਦੀ ਲੋੜ ਨਹੀਂ ਹੈ!''

ਵਿਕਟਰ ਨੇ ਚਿੰਤਤ ਹੋ ਕੇ ਪੁੱਛਿਆ, ''ਕਿਉਂ ਨਹੀਂ?''

''ਦੁਕਾਨ ਨੂੰ ਅੱਗ ਲੱਗ ਗਈ ਹੈ!''

''ਕੀ?''

''ਇਹ ਸੜ ਗਈ ਹੈ। ਸਾਰਾ ਸਮਾਨ ਤਬਾਹ ਹੋ ਗਿਆ ਹੈ। ਇਸ਼ਮਾਏਲ ਨੇ ਰੋ ਕੇ ਕਿਹਾ, ਮੇਰੇ ਕੋਲ ਕੁਝ ਨਹੀਂ ਬਚਿਆ। ਲੋਰੀ ਆਈ ਅਤੇ ਉਸਨੇ ਉਹਦਾ ਹੱਥ ਫੜਿਆ ਜਦ ਕਿ ਵਿਕਟਰ ਨੇ ਉਸ ਲਈ ਪ੍ਰਾਰਥਨਾ ਕੀਤੀ।

ਬਾਅਦ ਵਿੱਚ, ਵਿਕਟਰ ਨੇ ਸਾਰੇ ਖਿਲਾਰੇ ਦੀ ਸਫ਼ਾਈ ਕਰਨ ਵਿੱਚ ਇਸ਼ਮਾਏਲ ਦੀ ਮਦਦ ਕੀਤੀ, ਪਰ ਉਨ੍ਹਾਂ ਨੂੰ ਸੁਆਹ ਵਿੱਚ ਕੁਝ ਨਾ ਲੱਭਾ ਬਜਾਏ ਸੰਨ੍ਹੀਆਂ ਅਤੇ ਹੋਰ ਛੋਟੇ ਔਜਾਰਾਂ ਦੇ ਜੋ ਕੰਮ ਆ ਸਕਦੇ ਸਨ। ਅਗਲੇ ਦਿਨ ਇਸ਼ਮਾਏਲ ਫੇਰ ਵਿਕਟਰ ਨੂੰ ਮਿਲਣ ਆਇਆ। ਉਹ ਲੰਮੇ ਸਮੇਂ ਤੱਕ ਚੁੱਪ ਚਾਪ ਕਰਕੇ ਬੈਠਾ ਰਿਹਾ। ਲੋਰੀ ਚਾਹ ਲੈ ਕੇ ਆਈ ਅਤੇ ਪੁੱਛਿਆ, ''ਇਸ਼ਮਾਏਲ, ਅਸੀਂ ਤੇਰੀ ਮਦਦ ਕਰਨ ਲਈ ਕੀ ਕਰ ਸਕਦੇ ਹਾਂ?''

ਉਸਨੇ ਜਵਾਬ ਨਹੀਂ ਦਿੱਤਾ। ਉਹ ਲੰਮੇ ਸਮੇਂ ਤੱਕ ਚੁੱਪਚਾਪ ਬੈਠੇ ਰਹੇ। ਅਖ਼ੀਰ ਇਸ਼ਮਾਏਲ ਰੋਇਆ, ''ਇਹ ਸਭ ਪਰਮੇਸ਼ੁਰ ਨੇ ਮੇਰੇ ਨਾਲ ਕੀਤਾ ਹੈ!'' ਲੋਰੀ ਨੇ ਜ਼ੋਰ ਦੇ ਕੇ ਕਿਹਾ, ''ਨਹੀਂ'' ''ਸ਼ੈਤਾਨ ਨੇ ਇਹ ਕੀਤਾ ਹੈ।'' ''ਫਿਰ ਪਰਮੇਸ਼ੁਰ ਨੇ ਸ਼ੈਤਾਨ ਨੂੰ ਇਹ ਕਰਨ ਦਿੱਤਾ!''

''ਵਿਕਟਰ ਨੇ ਇਸ਼ਮਾਏਲ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਹੋਰ ਕੁਝ ਸਮੇਂ ਲਈ ਚੁੱਪ ਰਿਹਾ। ਅਖ਼ੀਰ ਇਸ਼ਮਾਏਲ ਕੋਮਲ ਅਵਾਜ਼ ਵਿੱਚ ਬੋਲਿਆ, ''ਕਿਰਪਾ ਕਰਕੇ ਮਾਚਸ ਲਿਆਓ।''

ਵਿਕਟਰ ਨੇ ਪੁੱਛਿਆ, ''ਮਾਚਸ?'' ਕਿਉਂ? ਕੀ ਤੂੰ ਹੋਰ ਕੁਝ ਵੀ ਸਾੜਨਾ ਚਾਹੁੰਦਾ ਹੈ?''

''ਹਾਂ।'' ਉਸਨੇ ਆਪਣੀ ਜ਼ੇਬ ਵਿੱਚ ਹੱਥ ਪਾਇਆ।'' ਇਹ ਉਨ੍ਹਾਂ ਗੱਲਾਂ ਦੀ ਲਿਸਟ ਹੈ ਜੋ ਮੈਂ ਤੈਨੂੰ ਅਤੇ ਲੋਰੀ ਨੂੰ ਕਰਨ ਲਈ ਕਹੀਆਂ ਸਨ।'' ਲੋਰੀ ਮਾਚਸ ਲੈ ਕੇ ਆਈ। ਇਸ਼ਮਾਏਲ ਨੇ ਸਾਵਧਾਨੀ ਨਾਲ ਪੂਰੇ ਕਾਗਜ਼ ਨੂੰ ਸਾੜ ਦਿੱਤਾ।

''ਉਸਨੇ ਦੱਸਿਆ, ''ਮੈਂ ਇੱਕ ਵਾਰ ਆਪਣੇ ਅੰਕਲ ਦੇ ਚਰਚ ਵਿੱਚ ਗਿਆ। ਮੇਰੇ ਪਿਤਾ ਦੀ ਤਰ੍ਹਾਂ, ਉਸਨੇ ਇਸਲਾਮ ਠੁਕਰਾ ਦਿੱਤਾ ਸੀ ਅਤੇ ਸਰਗਰਮ ਮਸੀਹੀ ਬਣ ਗਿਆ, ਪਰ ਬਹੁਤ ਹੀ ਕਠੋਰ। ਉਸਨੇ ਮੈਨੂੰ ਉਹ ਗੱਲਾਂ ਸਿਖਾਈਆਂ ਸਨ ਜੋ ਮੈਂ ਤੁਹਾਨੂੰ ਕਰਨ ਲਈ ਕਹੀਆਂ ਸਨ। ਮੈਨੂੰ ਡਰ ਸੀ ਕਿ ਜੇਕਰ ਮੈਂ ਉਹ ਸਭ ਨਹੀਂ ਕਰਾਂਗਾ ਤਾਂ ਪਰਮੇਸ਼ੁਰ ਮੈਨੂੰ ਸਜ਼ਾ ਦੇਵੇਗਾ। ਮੈਂ ਡਰ ਵਿਚ ਜੀਉਂਦਾ ਸੀ। ਕਿਉਂਕਿ ਮੈਂ ਤੇਰਾ ਮਾਲਕ ਸੀ, ਮੈਂ ਸੋਚਿਆ ਕਿ ਪਰਮੇਸ਼ੁਰ ਚਾਹੁੰਦਾ ਹੈ, ਮੈਂ ਤੇਰੀ ਉਸੇ ਤਰ੍ਹਾਂ ਦੇਖਭਾਲ ਕਰਾਂ। ਮੈਂ ਕਲਪਨਾ ਕੀਤੀ ਕਿ ਤੁਹਾਡੇ ਕੋਲੋਂ ਵੀ ਉਹ ਸਭ ਕੰਮ ਕਰਵਾਉਣੇ ਮੇਰਾ ਕਰਤੱਵ ਸੀ, ਤਾਂ ਜੋ ਪਰਮੇਸ਼ੁਰ ਤੁਹਾਨੂੰ ਸਜ਼ਾ ਨਾ ਦੇਵੇ। ਅੱਗ ਲੱਗਣ ਤੋਂ ਬਾਅਦ, ਮੈਂ ਬਾਈਬਲ ਵਿੱਚੋਂ ਉਨ੍ਹਾਂ ਗੱਲਾਂ ਬਾਰੇ ਪੜ੍ਹ ਰਿਹਾ ਹਾਂ, ਜੋ ਸਾਡੇ ਰਖਵਾਲੇ ਟੀਨੋ ਨੇ ਸਾਨੂੰ ਸਿਖਾਈਆਂ ਹਨ। ਮੈਂ ਸਮਝ ਗਿਆ ਕਿ ਮੈਂ ਗਲਤ ਸੀ। ਮੈਂ ਪਰਮੇਸ਼ੁਰ ਦੀ ਕਿਰਪਾ ਵਿਰੁੱਧ ਅਤੇ ਉਸਦੀ ਪਵਿੱਤਰ ਆਤਮਾ ਵਿਰੁੱਧ ਲੜ ਰਿਹਾ ਸੀ।''

''ਵਿਕਟਰ ਨੂੰ ਬੋਲਣ ਵਿੱਚ ਬਹੁਤ ਹੈਰਾਨੀ ਹੋ ਰਹੀ ਸੀ। ਹੋਰ ਕਾਫੀ ਸਮੇਂ ਸ਼ਾਂਤ ਰਹਿਣ ਤੋਂ ਬਾਅਦ, ਲੋਰੀ ਨੇ ਹੌਲੀ ਜਿਹੀ ਕਿਹਾ। ''ਮੈਨੂੰ ਨਹੀਂ ਪਤਾ, ਮੈਨੂੰ ਰੋਣਾ ਚਾਹੀਦਾ ਹੈ ਜਾਂ ਖੁਸ਼ੀ ਨਾਲ ਰੌਲਾ ਪਾਉਣਾ ਚਾਹੀਦਾ ਹੈ!'' ਉਹ ਖੁਸ਼ ਵੀ ਸੀ ਅਤੇ ਰੋ ਵੀ ਰਹੀ ਸੀ।

ਵਿਕਟਰ ਅਗਲੇ ਦਿਨ ਘਰ ਵਾਪਸ ਆਇਆ ਅਤੇ ਲੋਰੀ ਨੂੰ ਕਿਹਾ, ''ਮੈਨੂੰ ਇੱਕ ਹੋਰ ਨੌਕਰੀ ਮਿਲ ਗਈ ਹੈ!'' ਮੇਰੀ ਪਰਖ ਕਰਨ ਲਈ, ਉਨ੍ਹਾਂ ਮੈਨੂੰ ਕੁਝ ਧਾਤਾਂ ਜੋੜਨ ਲਈ ਕਿਹਾ, ਜੋ ਸਿਰਫ ਇੱਕ ਤਜਰਬੇਕਾਰ ਵੈਲਡਰ ਹੀ ਚੰਗੀ ਤਰ੍ਹਾਂ ਕਰ ਸਕਦਾ ਸੀ। ਮੈਨੇਜਰ ਨੇ ਮੈਨੂੰ ਕਿਹਾ ਕਿ ਤੇਰਾ ਹੱਥ ਤੇਜ਼ ਅਤੇ ਸਥਿਰ ਚੱਲਦਾ ਹੈ ਅਤੇ ਜੋ ਮੈਂ ਕਮਾ ਰਿਹਾ ਸੀ, ਉਸ ਤੋਂ ਦੁਗਣਾ ਦੇਵੇਗਾ!'' ਉਸਨੇ ਜ਼ੋਰ ਨਾਲ ਕਿਹਾ, ''ਸਾਡੀਆਂ ਸਾਰੀਆਂ ਪਰੇਸ਼ਾਨੀਆਂ ਦੂਰ ਹੋਣ ਜਾ ਰਹੀਆਂ ਹਨ!''

''ਬਿਲਕੁਲ ਨਹੀਂ। ਆਰਥਰ ਨੂੰ ਉਸਦੀ ਸੇਵਕਾਈ ਦਾ ਵਿਕਾਸ ਕਰਨ ਲਈ ਕਿਤਿਓਂ ਕਿਸੇ ਵੱਡੀ ਕਲੀਸਿਯਾ ਵਿੱਚੋਂ ਮਸੀਹੀ ਲੋਕਾਂ ਕੋਲੋਂ ਧਨ ਪ੍ਰਾਪਤ ਹੋਇਆ ਹੈ। ਮੈਂ ਨਹੀਂ ਜਾਣਦੀ ਕਿ ਉਸਦੀ ਸੇਵਕਾਈ ਹੈ, ਪਰ ਉਸਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਉਹ ਸੇਵਕਾਈ ਕਰਦਾ ਹੈ। ਉਹ ਉਸ ਧਨ ਦਾ ਪ੍ਰਯੋਗ ਸਾਡੀ ਮੰਡਲੀ ਵਿੱਚ ਉਨ੍ਹਾਂ ਤਰਕਸ਼ੀਲ ਗੱਲਾਂ ਨੂੰ ਸਿਖਾਉਣ ਲਈ, ਮਨੁੱਖਾਂ ਨੂੰ ਕਿਰਾਏ ਤੇ ਲਿਆਉਣ ਲਈ ਕਰਦਾ ਹੈ। ਜੋ ਇਸ਼ਮਾਏਲ ਨੇ ਉਸਦੀ ਦੁਕਾਨ ਨੂੰ ਅੱਗ ਲੱਗਣ ਤੋਂ ਪਹਿਲਾਂ ਸਾਨੂੰ ਸਿਖਾਈਆਂ ਸਨ। ਆਰਥਰ ਟੀਨੋ ਦੀ ਗੈਰ ਹਾਜ਼ਰੀ ਦਾ ਫਾਇਦਾ ਉਠਾ ਰਿਹਾ ਹੈ ਅਤੇ ਉਸਨੇ ਦੋ ਪਰਿਵਾਰਾਂ ਨੂੰ ਟੀਨੋ ਦਾ ਸਮੂਹ ਛੱਡ ਕੇ ਉਸਦੇ ਪਿੱਛੇ ਆਉਣ ਲਈ ਕਾਇਲ ਵੀ ਕਰ ਲਿਆ ਹੈ। ਉਹ ਇੱਕ ਮੰਡਲੀ ਸ਼ੁਰੂ ਕਰਨ ਵਾਲੇ ਹਨ, ਜਿਸਨੂੰ ਉਹ ਇੱਕ ਸੱਚਾ ਰਾਹ ਕਹਿੰਦੇ ਹਨ। ਘਰ ਆਉਂਦਿਆਂ ਮੈਂ ਆਰਥਰ ਨੂੰ ਪਰਿਵਾਰ ਦੇ ਘਰ ਵਿੱਚ ਦਾਖਲ ਹੁੰਦੇ ਵੇਖਿਆਂ, ਜੋ ਪਿਛਲੇ ਹਫ਼ਤੇ ਸਾਡੇ ਸਮੂਹ ਵਿੱਚ ਸ਼ਾਮਲ ਹੋਇਆ ਹੈ। ਸ਼ੈਤਾਨ ਦੇ ਬਾਣ ਤੋਂ ਜਹਿਰ ਫੈਲ ਰਿਹਾ ਹੈ!''

ਲੋਰੀ ਬੈਠੀ ਅਤੇ ਹੌਲੀ ਜਿਹੀ ਹੌਕਾ ਭਰਿਆ।

## ਅਭਿਆਸ

ਪਰਮੇਸ਼ੁਰ ਸਾਨੂੰ ਇਸ ਜੀਵਨ ਵਿੱਚ ਇਹ ਬਰਕਤਾਂ ਦੇਣ ਦਾ ਵਾਅਦਾ ਕਰਦਾ ਹੈ:

- ☐ ਦੁਨਿਆਵੀਂ ਬਰਕਤਾਂ
- ☐ ਆਤਮਿਕ ਬਰਕਤਾਂ

(ਅਫ਼ਸੀਆਂ 1:3 ਆਇਤ ਆਤਮਿਕ ਬਰਕਤਾਂ ਦਾ ਵਾਅਦਾ ਕਰਦੀ ਹੈ, ਨਹੀਂ ਤਾਂ ਅਸੀ ਸੰਸਾਰ ਵਿੱਚ ਕਰੋੜਾਂ ਮਸੀਹੀ ਲੋਕਾਂ ਦੀ ਜਿੰਮੇਵਾਰੀ ਨਹੀਂ ਸੀ ਉਠਾ ਸਕਦੇ, ਜੋ ਦੁਨਿਆਵੀ ਤੌਰ ਤੇ ਬਹੁਤ ਗਰੀਬ ਹਨ। ਪਰ ਕੁਝ ਵੀ ਹੋਵੇ, ਗਰੀਬ ਵਿਸ਼ਵਾਸੀ ਪਰਤਾਪ ਵਿੱਚ ਧੰਨ ਦੇ ਵਾਰਸ ਹਨ ਅਤੇ ਮਸੀਹ ਨਾਲ ਰਾਜ ਕਰਨਗੇ)

ਇਨ੍ਹਾਂ ਵਿੱਚੋਂ ਕਿਹੜਾ ਉਤੱਮ ਤਰੀਕਾ ਹੈ, ਜਿਸ ਨਾਲ ਅਸੀਂ ਲੋਕਾਂ ਨੂੰ ਮਸੀਹ ਵਿੱਚ ਉਨ੍ਹਾਂ ਦੇ ਅਹੁੱਦੇ ਬਾਰੇ ਭਰੋਸਾ ਦਿਵਾ ਸਕਦੇ ਹਾਂ?

- ☐ ਉਨ੍ਹਾਂ ਨੂੰ ਡਰਨ ਦਿਓ ਕਿ ਉਹ ਕੋਈ ਨਿਯਮ ਤੋੜ ਦੇਣਗੇ, ਪਰਮੇਸ਼ੁਰ ਦੀ ਕਿਰਪਾ ਤੋਂ ਡਿੱਗ ਜਾਣਗੇ ਅਤੇ ਉਸਦੀ ਸਜ਼ਾ ਪਾਉਣਗੇ।
- ☐ ਉਨ੍ਹਾਂ ਨੇ ਲਗਾਤਾਰ ਜੋ ਬੁਰੇ ਕੰਮ ਕੀਤੇ ਸਨ, ਉਨ੍ਹਾਂ ਬਾਰੇ ਯਾਦ ਕਰਾਉਂਦੇ ਹੋਏ, ਕਸੂਰਵਾਰ ਮਹਿਸੂਸ ਕਰਵਾਓ।
- ☐ ਪਰਮੇਸ਼ੁਰ ਦੇ ਵਚਨ ਵਿੱਚੋਂ, ਉਸਦੀ ਕਿਰਪਾ ਬਾਰੇ ਸਿਖਾਓ, ਇਸ ਲਈ ਰੋਜ਼ਾਨਾ ਪਰਮੇਸ਼ਰ ਦਾ ਧੰਨਵਾਦ ਕਰੋ, ਪ੍ਰਾਰਥਨਾ ਨਾਲ ਨਿਹਚਾ ਦੀ ਢਾਲ ਦਾ ਪ੍ਰਯੋਗ ਕਰੋ ਅਤੇ ਲਗਾਤਾਰ ਪ੍ਰਭੂ ਭੋਜ ਦੁਆਰਾ ਸੰਪੂਰਨ ਮਾਫ਼ੀ ਦਾ ਭਰੋਸਾ ਪ੍ਰਾਪਤ ਕਰੋ।

(ਜੇਕਰ ਤੁਸੀਂ ਹਾਲੇ ਤੱਕ ਨਹੀਂ ਪੜ੍ਹਿਆ ਕਿ ਪਰਮੇਸ਼ੁਰ ਦਾ ਵਚਨ ਕਿਰਪਾ ਬਾਰੇ ਕੀ ਸਿਖਾਉਂਦਾ ਹੈ ਤਾਂ ਕਿਰਪਾ ਕਰਕੇ ਰੋਮੀਆਂ 1 ਤੋਂ 8 ਅਧਿਆਏ ਅਤੇ ਅਫ਼ਸੀਆਂ 1 ਅਤੇ 2 ਅਧਿਆਏ ਧਿਆਨ ਨਾਲ ਪੜ੍ਹੋ।)

ਤਰਕਸ਼ੀਲ ਸੋਚਕਾਰ ਅਕਸਰ ਇਸ ਗੱਲ ਤੋਂ ਇਨਕਾਰ ਕਰਦੇ ਹਨ ਕਿ ਪਰਮੇਸ਼ੁਰ ਸੰਸਕਾਰ ਨਾਲ ਉਸ ਤੇ ਅਨੋਖੀ ਕਿਰਪਾ ਲਿਆਉਂਦਾ ਹੈ। ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਕਿਵੇਂ ਕਰਨੀ ਹੈ, ਇਸ ਗੱਲ ਦੀ ਸਿਰਫ ਮਨੁੱਖੀ ਤਰਕ ਤੋਂ ਪਰਿਭਾਸ਼ਾ ਦੇਣ ਵਿੱਚ ਕੀ ਖਤਰਾ ਹੈ?

________________________________________________________

________________________________________________________

________________________________________________________

(ਕਿਰਪਾ ਮਨੁੱਖੀ ਤਰਕ ਤੋਂ ਕਿਤੇ ਪਰ੍ਹੇ ਹੈ। ਕੋਈ ਵੀ ਧਾਰਮਿਕ ਆਗੂ ਜਾ ਦਾਸ਼ਨਿਕ, ਕਦੀ ਵੀ ਬਾਈਬਲ ਦਾ ਪ੍ਰਕਾਸ਼ ਜਾਣਨ ਤੋਂ ਬਿਨਾਂ, ਕਿਰਪਾ ਬਾਰੇ ਕਾਇਲ ਨਹੀਂ ਹੋਇਆ।)

ਪਦਾਰਥਵਾਦੀ ਦੁਨਿਆਵੀ ਧੋਨ ਦੇ ਸ਼ਬਦਾਂ ਵਿੱਚ ਕਿਰਪਾ ਦੀ ਪਰਿਭਾਸ਼ਾ ਦੇਂਦਾ ਹੈ। ਬਾਈਬਲ ਦੀ ਉੱਤਮ ਪਰਿਭਾਸ਼ਾ ਦਿਓ।

________________________________________________________

________________________________________________________

________________________________________________________

ਤੁਹਾਡੀ ਮੰਡਲੀ ਜਾਂ ਸਮੂਹ ਦਾ ਸੰਚਾਲਨ ਕਰਨ ਲਈ, ਤੁਹਾਡੀਆਂ ਕਿਹੜੀਆਂ ਯੋਜਨਾਵਾਂ ਹਨ, ਤਾਂ ਜੋ ਵਿਸ਼ਵਾਸੀ ਇੱਕ ਦੂਜੇ ਦੀ ਸੇਵਾ ਪਿਆਰ ਨਾਲ ਕਰਨ, ਜਿਵੇਂ ਪਰਮੇਸ਼ੁਰ ਇੱਕ- ਦੂਜੇ ਹੁਕਮਾਂ ਵਿੱਚ ਮੰਗ ਕਰਦਾ ਹੈ?

________________________________________________________

________________________________________________________

________________________________________________________

________________________________________________________

________________________________________________________

________________________________________________________

ਤੁਹਾਡੇ ਕੋਲ ਸਮੂਹ ਦਾ ਉਸ ਢੰਗ ਨਾਲ ਸੰਚਾਲਨ ਕਰਨ ਲਈ ਕਿਹੜੀਆਂ ਯੋਜਨਾਵਾਂ ਹਨ, ਜਿਸ ਨਾਲ ਤੁਹਾਡੇ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਆਤਮਿਕ ਵਰਦਾਨਾਂ ਦਾ ਪ੍ਰਯੋਗ ਕਰਨ ਅਤੇ ਉਨ੍ਹਾਂ ਸਾਰੀਆਂ ਸੇਵਕਾਈਆਂ ਜੋ ਨਵਾਂ ਨੇਮ ਮੰਗ ਕਰਦਾ ਹੈ, ਅਭਿਆਸ ਕਰਨ ਦੀ ਇਜਾਜਾਤ ਹੋਵੇ?

________________________________________________________

________________________________________________________

________________________________________________________

ਤੁਹਾਡੇ ਦੁਆਰਾ ਅਤੇ ਨਵੇਂ ਆਗੂਆਂ ਦੁਆਰਾ, ਜਿਨ੍ਹਾਂ ਨੂੰ ਤੁਸੀਂ ਸਿਖਾਉਦੇਂ ਹੋ ਉਨ੍ਹਾਂ ਦੁਆਰਾ ਦੁਰਉਪਯੋਗ ਕਾਬੂ ਨੂੰ ਨਜ਼ਰ ਅੰਦਾਜ਼ ਕਰਨ ਲਈ ਤੁਹਾਡੀਆਂ ਕੀ ਯੋਜਨਾਵਾਂ ਹਨ?

______________________________________________________________________

______________________________________________________________________

______________________________________________________________________

______________________________________________________________________

______________________________________________________________________

______________________________________________________________________

# ਚੌਥਾ ਅਧਿਆਏ
# ਵਿਕਟਰ ਅਤੇ ਲੋਰੀ ਕਿਵੇਂ ਪਰਸੰਨ ਹਨ।
# ਆਤਮਿਕ ਅਜ਼ਾਦੀ ਦੀ ਖੋਜ਼ ਕੀਤੀ

ਵਿਕਟਰ, ਲੋਰੀ ਅਤੇ ਜੂਲੀ, ਟੀਨੋ ਨਾਲ ਰੇਲਵੇ ਸਟੇਸ਼ਨ ਗਏ। ਉਹ ਫਿਰ ਉਨ੍ਹਾਂ ਪ੍ਰਚਾਰਕਾਂ ਕੋਲ ਜਾ ਰਿਹਾ ਸੀ, ਜਿਨ੍ਹਾਂ ਨੂੰ ਉਨ੍ਹਾਂ ਦੀ ਮੰਡਲੀ ਨੇ ਭੇਜਿਆ ਸੀ, ਜਿੱਥੇ ਹਾਲੇ ਤੱਕ ਕਲੀਸਿਯਾਵਾਂ ਨਹੀਂ ਵੱਧ ਰਹੀਆਂ ਸਨ। ਰਸਤੇ ਵਿੱਚ, ਟੀਨੋ ਨੇ ਬੇਨਤੀ ਕੀਤੀ,''ਕਿਰਪਾ ਕਰਕੇ ਮੇਰੀਆਂ ਸਮੂਹ ਸਭਾਵਾਂ ਦਾ ਖਿਆਲ ਰੱਖੀਂ, ਜਦ ਕਿ ਮੈਂ ਜਾ ਰਿਹਾ ਹਾਂ। ਉਨ੍ਹਾਂ ਦੀ ਅਗਵਾਈ ਕਰਨ ਵਿੱਚ ਮਦਦ ਕਰੀਂ। ਉਨ੍ਹਾਂ ਬਘਿਆੜਾਂ ਤੋਂ ਖ਼ਬਰਦਾਰ ਰਹੀਂ ਜੋ ਮੇਰੀ ਗੈਰਮੌਜੂਦਗੀ ਦਾ ਫਾਇਦਾ ਲੈ ਸਕਦੇ ਹਨ।''

''ਬਘਿਆੜ?'' ਵਿਕਟਰ ਨੇ ਪੁੱਛਿਆ,''ਤੇਰਾ ਕੀ ਮਤਲਬ ਹੈ?''

''ਵੱਡੇ, ਭੁੱਖੇ ਕੁੱਤੇ, ਸ਼ੇਰਾਂ ਵਰਗੇ, ਕਮਜ਼ੋਰ ਭੇਡਾਂ ਦੀ ਭਾਲ ਕਰਦੇ ਹਨ। ਯਿਸੂ ਅਤੇ ਪੌਲੁਸ ਰਸੂਲ ਨੇ ਝੂਠੇ ਚਰਵਾਹਿਆਂ ਨੂੰ 'ਬਘਿਆੜ' ਕਿਹਾ ਕਿਉਂਕਿ ਉਹ ਦੂਜੇ ਚਰਵਾਹਿਆਂ ਤੋਂ ਉਨ੍ਹਾਂ ਨੂੰ ਚੁਰਾ ਲੈਂਦੇ ਹਨ।''

''ਟੀਨੋ ਨੇ ਕਿਹਾ,'' ਅਸੀਂ ਖੁਸ਼ ਹਾਂ ਕਿ ਤੂੰ ਸਾਨੂੰ ਸੁਚੇਤ ਕੀਤਾ।''

''ਮੈਂ ਸੋਚਦਾ ਹਾਂ ਕਿ ਬਘਿਆੜ ਪਹਿਲਾਂ ਤੋਂ ਹੀ, ਸਾਡੇ ਝੁੰਡ ਦੇ ਆਲੇ ਦੁਆਲੇ ਸੁਰੜ ਸੁਰੜ ਕਰ ਰਿਹਾ ਹੈ। ਆਰਥਰ ਦਾ ਭਤੀਜਾ, ਸ਼ਾਜੀ ਨਵੇਂ ਵਿਸ਼ਵਾਸੀਆਂ ਨੂੰ ਇਹ ਸੋਚਣ ਦੀ ਕੋਸ਼ਿਸ਼ ਕਰਾ ਰਿਹਾ ਹੈ ਕਿ ਸਾਡੇ ਸਮੂਹ ਵਿੱਚ ਸਿਰਫ ਉਹੋ ਇੱਕ ਵਿਅਕਤੀ ਹੈ, ਜੋ ਸੱਚਮੁੱਚ ਆਤਮਿਕ ਹੈ।''

''ਫਿਰ ਖ਼ਬਰਦਾਰ ਰਹੀਂ! ਸ਼ੈਤਾਨ ਝੂਠ ਦੇ ਖ਼ਮੀਰ ਦੀ ਤਰ੍ਹਾਂ ਹਨ, ਜੋ ਆਟੇ ਦੀ ਰੋਟੀ ਵਿੱਚ ਫੈਲ ਜਾਂਦਾ ਹੈ। ਇਹ ਝੂਠ ਅਕਸਰ ਆਤਮਿਕ ਜਾਪਦੇ ਹਨ ਅਤੇ ਵਿਸ਼ਵਾਸੀਆਂ ਵਿੱਚ ਖ਼ਸਰੇ ਦੀ ਤਰ੍ਹਾਂ ਫੈਲ ਜਾਂਦੇ ਹਨ। ਪਰਮੇਸ਼ੁਰ ਸਾਨੂੰ ਉਨ੍ਹਾਂ ਨੂੰ ਲੱਭਣ ਅਤੇ ਉਨ੍ਹਾਂ ਦਾ ਸਾਹਮਣਾ ਕਰਨ ਵਿੱਚ ਮਦਦ ਕਰਦਾ ਹੈ। ਉਹ ਸਾਨੂੰ ਲੱਭਣ ਅਤੇ ਸ਼ੈਤਾਨ ਦੇ ਅਗਨ ਬਾਣਾਂ ਨੂੰ ਰੋਕਣ ਲਈ ਨਿਸਚਾ ਦੀ ਢਾਲ ਦੇਂਦਾ ਹੈ, ਜਿਵੇਂ ਅਫ਼ਸੀਆਂ 6:16 ਬਿਆਨ ਕਰਦੀ ਹੈ। ਇਨ੍ਹਾਂ ਬਾਣਾਂ ਵਿੱਚ ਪਦਾਰਥਵਾਦ, ਤਰਕਵਾਦ, ਵਿਅਕਤੀਵਾਦ, ਘਮੰਡੀ ਸਿਧਾਂਤਵਾਦ, ਮੂਰਤੀਪੂਜਾ, ਹਵਸ ਅਤੇ ਭੋਗ ਬਿਲਾਸ ਸ਼ਾਮਿਲ ਹੈ। ਸਾਡੇ ਤੇ ਲਗਭਗ ਰੋਜ਼ਾਨਾ ਹਰ ਪਾਸਿਓ ਉਨ੍ਹਾਂ ਸਿਖਿਆਵਾਂ ਦਾ ਹਮਲਾ ਹੁੰਦਾ ਹੈ, ਜੋ ਸ਼ੈਤਾਨ ਵੱਲੋਂ ਉਤਪੰਨ ਹੁੰਦੀਆਂ ਹਨ।''

''ਤੂੰ ਵਿਅਕਤੀਵਾਦ ਦਾ ਜ਼ਿਕਰ ਕੀਤਾ,'' ਵਿਕਟਰ ਨੇ ਕਿਹਾ। ''ਉਹ ਕਿਰਪਾ ਦੇ ਵਹਾ ਨੂੰ ਕਿਵੇਂ ਰੋਕਦਾ ਹੈ?''

''ਤੁਸੀਂ ਜਾਣ ਲਵੋਗੇ ਕਿ ਕਦੋਂ ਤੁਸੀਂ ਵਿਸ਼ਵਾਸੀਆਂ ਨੂੰ ਗੰਭੀਰਤਾ ਨਾਲ ਇੱਕ-ਦੂਜੇ ਹੁਕਮਾਂ ਦਾ ਅਭਿਆਸ ਕਰਨ ਲਈ ਮਦਦ ਕਰਦੇ ਹੋ। ਸ਼ੈਤਾਨ ਪਰਸਪਰ ਪ੍ਰਭਾਵ ਨੂੰ ਰੱਦ ਕਰਨ ਲਈ ਵਿਅਕਤੀਵਾਦ ਦਾ ਟੀਕਾ ਬਣਾਉਣ ਦੀ ਕੋਸ਼ਿਸ਼ ਕਰੇਗਾ। ਵਿਅਕਤੀਵਾਦੀ ਨਿੱਜ਼ੀ ਨਿਹਚਾ ਚਾਹੁੰਦੇ ਹਨ। ਉਹ ਆਪਣੇ ਢੰਗ ਨਾਲ ਪਰਮੇਸ਼ੁਰ ਦੀ ਸੇਵਾ ਕਰਦੇ ਹਨ। ਉਹ ਅਕਸਰ ਅਰਾਧਨਾ ਸਭਾ ਵਿੱਚ ਬੈਠਦੇ ਹਨ ਅਤੇ ਜੋ ਉਹ ਸੁਣਦੇ ਹਨ ਉਸ ਨੂੰ ਹੋਰ ਜ਼ਰੂਰੀ ਗਤੀਵਿਧੀਆਂ ਵਿੱਚ ਕਿਰਿਆਸ਼ੀਲ ਭਾਗ ਲੈਣ ਤੋਂ ਸਪੰਜ ਦੀ ਤਰ੍ਹਾਂ ਹਜ਼ਮ ਕਰ ਲੈਂਦੇ ਹਨ। ਉਹ ਨਿਕਟਤਾ ਨਾਲ ਜੁੜੇ, ਪਿਆਰੇ ਸਮੂਹਾਂ ਨੂੰ ਨਜ਼ਰ ਅੰਦਾਜ਼ ਕਰਦੇ ਹਨ। ਅਜਿਹਾ ਇਕੱਲਾਪਣ ਪਿਆਰ ਨਾਲ ਅਣਗਹਿਲੀ ਕਰਦਾ ਹੈ। ਮੰਡਲੀਆਂ ਜਿਹੜੀਆਂ ਸ਼ੈਤਾਨ ਦੇ ਵਿਅਕਤੀ ਵਾਦ ਨੂੰ ਗਲੇ ਲਾਉਂਦੀਆਂ ਹਨ, ਅਕਸਰ ਨਵੇਂ ਨੇਮ ਦੇ ਇੱਕ-ਦੂਜੇ ਹੁਕਮਾਂ ਦਾ ਅਭਿਆਸ ਕਰਨ ਲਈ ਚੰਗਾ ਸੰਚਾਲਕ ਕਰਦੀਆਂ ਹਨ।

''ਘਮੰਡੀ ਸਿਧਾਂਤਵਾਦ' ਕਿਵੇਂ ਕਿਰਪਾ ਨੂੰ ਰੱਦ ਕਰਦਾ ਹੈ?''

''ਟੀਨੋ ਨੇ ਜਵਾਬ ਦਿੱਤਾ,'' ਘਮੰਡੀ ਸਿਧਾਂਤਵਾਦ ਗਿਆਨ ਤੇ ਨਿਹਚਾ ਦਾ ਨਿਰਮਾਣ ਕਰਨ ਦੀ ਕੋਸ਼ਿਸ਼ ਕਰਦਾ ਹੈ।''ਇਲਮ ਫੈਲਾਉਂਦਾ ਹੈ, ਜਿਵੇਂ ਕੁਰਿੰਥੀਆਂ 8:1 ਚੇਤਾਵਨੀ ਦੇਂਦੀ ਹੈ। ਸਾਡੀ ਨੀਂਹ ਯਿਸੂ ਹੈ, ਚੱਟਾਨ ਜਿਸ ਤੇ ਬੁੱਧੀਮਾਨ ਨੇ ਆਪਣਾ ਘਰ ਬਣਾਇਆ। ਦੋਹਾਂ ਬੁੱਧੀਮਾਨ ਅਤੇ ਮੂਰਖ ਨੇ ਜਿਸਨੇ ਆਪਣਾ ਘਰ ਰੇਤ ਤੇ ਬਣਾਇਆ, ਯਿਸੂ ਦੇ ਸ਼ਬਦਾਂ ਨੂੰ ਸੁਣਿਆ।

ਦੋਹਾਂ ਕੋਲ ਗਿਆਨ ਸੀ। ਪਰ ਬੁੱਧੀਮਾਨ ਨੇ ਉਸ ਨੂੰ ਪਿਆਰ ਕੀਤਾ ਅਤੇ ਉਸਦੀ ਆਗਿਆ ਵੀ ਮੰਨੀ। ਇੱਕ ਘਮੰਡੀ ਸਿਧਾਂਤਵਾਦੀ ਸਿਰਫ ਚੰਗੀ ਸਿੱਖਿਆ ਦੇਣ ਨਾਲ ਸੰਤੁਸ਼ਟ ਹੁੰਦਾ ਹੈ। ਉਹ ਆਪਣੇ ਉੱਤਮ ਗਿਆਨ ਤੇ ਭਰੋਸਾ ਕਰਦਾ ਹੈ ਅਤੇ ਹੋਰ ਗਤੀਵਿਧੀਆਂ ਨੂੰ ਨਜ਼ਰ ਅੰਦਾਜ਼ ਕਰਦਾ ਹੈ, ਜਿਨ੍ਹਾਂ ਦੀ ਯਿਸੂ ਮੰਗ ਕਰਦਾ ਹੈ।''

ਜੂਲੀ ਨੇ ਕਿਹਾ, ''ਕੁਝ ਘਮੰਡੀ ਸਿੱਖਿਅਕ ਤੁਹਾਡੇ ਸਿਰ ਵਿੱਚ ਛੇਕ ਕਰ ਦੇਂਦੇ ਹਨ, ਉਸਦੇ ਅੰਦਰ ਪੋਣੀ ਰੱਖ ਦੇਂਦੇ ਹਨ ਅਤੇ ਤੁਹਾਡੇ ਦਿਮਾਗ ਵਿਚ ਉਨ੍ਹਾਂ ਦੇ ਵਿਚਾਰ ਪਾਉਂਦੇ ਹਨ। ਬਦਕਿਸਮਤੀ ਨਾਲ ,ਬਹੁਤ ਸਾਰੇ ਵਿਸ਼ਵਾਸੀ ਜਵਾਨ ਅਜਿਹੇ ਸੁਸਤ ਸੁਣਨ ਵਾਲੇ ਬਣਨਾ ਚਾਹੁੰਦੇ ਹਨ। ਯਾਕੂਬ 1:22 ਇਹ ਚੇਤਾਵਨੀ ਦੇਂਦੀ ਹੈ। ਜਦੋਂ ਉਹ ਕਿਰਿਆਸ਼ੀਲ ਵਿਚਾਰ ਵਿਸ਼ਵਾਸ ਨਾਲ ਸਿੱਖਦੇ ਹਨ, ਉਹ ਪਰਸਪਰ ਪਰਭਾਵ ਪਾਉਣਾ ਚਾਹੁੰਦੇ ਹਨ। ਉਹ ਉਸ ਬਾਰੇ ਸੋਚਣ ਦੀ ਅਜ਼ਾਦੀ ਚਾਹੁੰਦੇ ਹਨ, ਜੋ ਬਾਈਬਲ ਕਹਿੰਦੀ ਹੈ ਅਤੇ ਸਿਧਾਂਤਵਾਦੀ ਮਨੁੱਖਾ ਦੇ ਵਿਚਾਰਾਂ ਨੂੰ ਅੰਨ੍ਹੇ ਵਾਹ ਸਵਿਕਾਰ ਕਰਨ ਦੀ ਬਜਾਏ, ਪਵਿੱਤਰ ਆਤਮਾ ਨੂੰ ਸੱਚਾਈ ਵਿਚ ਅਗਵਾਈ ਕਰਨ ਦੇਣਾ ਚਾਹੁੰਦੇ ਹਨ। ਉਹ ਸਿਰਫ ਸਿੱਖਣਾ ਹੀ ਨਹੀਂ ਚਾਹੁੰਦੇ, ਪਰ ਉਹ ਕਰਦੇ ਵੀ ਹਨ, ਜੋ ਪਰਮੇਸ਼ੁਰ ਕਹਿੰਦਾ ਹੈ।''

ਵਿਕਟਰ ਨੇ ਪੁੱਛਿਆ, ''ਕੀ ਸਿਧਾਂਤਵਾਦ ਹਮੇਸ਼ਾ ਗਲਤ ਹੈ?'' ''ਕੀ ਚਰਵਾਹਿਆਂ ਨੂੰ, ਉਨ੍ਹਾਂ ਦੀਆਂ ਭੇਡਾਂ ਨੂੰ, ਜਿੱਥੇ ਚਾਹੁੰਣ ਭਟਕਣ ਦੇਣਾ ਖ਼ਤਰਨਾਕ ਨਹੀਂ ਹੈ।''

''ਬੇਸ਼ੱਕ, ਸਾਰੇ ਵਿਸ਼ਵਾਸੀਆਂ ਨੂੰ ਰਖਵਾਲੀ ਦੀ ਲੋੜ ਹੈ,''ਟੀਨੋ ਨੇ ਉੱਤਰ ਦਿੱਤਾ।

''ਪਰ ਸਾਨੂੰ ਚਰਵਾਹਿਆਂ ਨੂੰ, ਉਨ੍ਹਾਂ ਦੀ ਦੇਖਭਾਲ ਉਵੇਂ ਕਰਨੀ ਚਾਹੀਦੀ ਹੈ, ਜਿਵੇਂ ਬਾਈਬਲ ਕਹਿੰਦੀ ਹੈ।''

''ਉਹ ਕਿਵੇਂ ਹੈ?''

''ਇੱਕ ਚੰਗਾ ਚਰਵਾਹਾ ਵਿਸ਼ਵਾਸੀਆਂ ਨੂੰ ਆਪਣੇ ਆਪ ਲਈ ਸੋਚਣ ਦੁਆਰਾ, ਕਿ ਕਿਵੇਂ ਪਰਮੇਸ਼ੁਰ ਦਾ ਅਜ਼ਾਦ ਕਰਨ ਵਾਲਾ ਵਚਨ ਲਾਗੂ ਕਰਨਾ ਹੈ, ਸਿਆਣੇ ਹੋਣ ਵਿੱਚ ਮਦਦ ਕਰਦਾ ਹੈ। ਨਹੀਂ ਤਾਂ ਸਾਡੇ ਸੰਸਾਰ ਦੇ ਮੂਰਤੀ ਪੂਜਕ ਵਿਅਰਥ ਫਲਸਫਿਆਂ ਅਤੇ ਝੂਠੇ ਦੇਵੀ ਦੇਵਤਿਆਂ ਨਾਲ ਉਨ੍ਹਾਂ ਦੇ ਮਨਾਂ ਨੂੰ ਵੱਸ ਵਿੱਚ ਕਰ ਲੈਣਗੇ, ਜੋ ਲੋਕਾਂ ਨੂੰ ਗੁਲਾਮ ਬਣਾਉਂਦੇ ਹਨ। ਕਈ ਵਾਰ ਘਮੰਡੀ ਸਿਧਾਂਤਵਾਦੀ ਕਲਪਨਾ ਕਰਦਾ ਹੈ ਕਿ ਪਰਮੇਸ਼ੁਰ ਦੀ ਕਿਰਪਾ ਬਹੁਤ ਸਾਰੇ ਅਧਿਐਨ ਨਾਲ ਆਵੇਗੀ। ਫਿਰ ਉਹ ਦੂਜਿਆਂ ਨੂੰ ਜੋ ਦੱਸਦੇ ਹਨ, ਉਹ ਹੈ ਉਨ੍ਹਾਂ ਦੇ ਸੀਮਤ ਦਰਿਸ਼ਟੀ ਕੋਣ ਤੋਂ ਵਿਸ਼ਾਵਸ ਕਰਨਾ।''

ਲੋਰੀ ਨੇ ਜਵਾਬ ਦਿੱਤਾ, ''ਮੈਂ ਜਵਾਨ ਪੀੜ੍ਹੀ ਹਾਂ।'' ''ਮੈਂ ਦੂਜੇ ਮਸੀਹੀਆਂ ਨਾਲ ਇੱਕ ਸ਼ਕਤੀਸ਼ਾਲੀ ਰਿਸ਼ਤੇ ਦਾ ਮਜ਼ਾ ਉਠਾਉਣਾ ਚਾਹੁੰਦਾ ਹਾਂ, ਅਤੇ ਮੈਂ ਉਮੀਦ ਕਰਦੀ ਹਾਂ ਕਿ ਸਾਡੇ ਚਰਵਾਹੇ ਇਸ ਤਰ੍ਹਾਂ ਹੋਣ ਦੇਣਗੇ।''

''ਪਰ ਅਸੀਂ ਇਹ ਕਿਵੇਂ ਹੋਣ ਦੇਦੇ ਹਾਂ?'' ਵਿਕਟਰ ਨੇ ਪੁੱਛਿਆ।''ਅਸੀਂ ਦੂਜਿਆਂ ਨੂੰ ਹੋਰ ਵੀ ਕਿਰਿਆਸ਼ੀਲ ਢੰਗ ਨਾਲ ਭਾਗ ਲੈਣ ਵਿੱਚ ਕਿਵੇਂ ਮਦਦ ਕਰ ਸਕਦੇ ਹਾਂ, ਜਦੋਂ ਉਹ ਪਰਮੇਸ਼ੁਰ ਦਾ ਵਚਨ ਸਿੱਖਦੇ ਅਤੇ ਮੰਨਦੇ ਹਨ?''

''ਟੀਨੋ ਨੇ ਸੁਝਾਅ ਦਿੱਤਾ, ''ਤੁਸੀਂ ਉਨ੍ਹਾਂ ਨੂੰ ਬਾਈਬਲ ਦੀਆਂ ਕਹਾਣੀਆਂ ਪੜ੍ਹਨ ਜਾ ਦੱਸਣ ਲਈ ਕਹਿ ਸਕਦੇ ਹੋ।'' ''ਫਿਰ ਵਿਚਾਰ-ਵਿਮਰਸ਼ ਕਰੋ ਕਿ ਕਹਾਣੀ ਪਰਮੇਸ਼ੁਰ ਬਾਰੇ ਕੀ ਸਿਖਾਂਉਂਦੀ ਹੈ,ਅਤੇ ਇਸ ਬਾਰੇ ਕੀ ਕਰਨਾ ਚਾਹੀਦਾ ਹੈ? ਕਿਰਦਾਰਾਂ ਅਤੇ ਨਾਟਕਾਂ ਦਾ ਪ੍ਰਯੋਗ ਕਰੋ ਅਤੇ ਸੰਖੇਪ ਵਿੱਚ ਕਹਾਣੀਆਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।ਜੋ ਤੁਸੀਂ ਸਿੱਖਣਾ ਚਾਹੁੰਦੇ ਹੋ, ਉਸਨੂੰ ਸਪਸ਼ਟ ਕਰੋ।ਪ੍ਰਸ਼ਨ ਪੁੱਛੋ, ਜੋ ਉਨ੍ਹਾਂ ਨੂੰ ਪਰਮੇਸ਼ੁਰ ਅਤੇ ਉਸਦੇ ਕੰਮ ਉੱਤੇ ਧਿਆਨ ਕਰਨ ਲਈ ਮਦਦ ਕਰਨ। ਉਨ੍ਹਾਂ ਨੂੰ ਉਤਸ਼ਾਹ ਅਤੇ ਸਤੂਤੀ ਦੀਆ ਕਵਿਤਾਵਾਂ ਜਾਂ ਗੀਤ ਲਿਖਣ ਦਿਓ। ਲੋਕਾਂ ਨੂੰ ਹਰ ਸਮੇਂ ਇੱਕ ਵਿਅਕਤੀ ਨੂੰ ਸਿਖਾਉਣ ਦੀ ਬਜਾਏ, ਇੱਕਠੇ ਸਿਖਾਉਣ ਦੀ ਤਿਆਰੀ ਕਰਨ ਦਿਓ।''

ਲੋਰੀ ਨੇ ਚੀਕ ਮਾਰ ਕੇ ਕਿਹਾ, ''ਓਹ'' ਮੈਂ ਦੂਜੇ ਲੋਕਾਂ ਨੂੰ ਛੋਟੇ ਨਾਟਕ ਜੋ ਪਰਮੇਸ਼ੁਰ ਦਾ ਵਚਨ ਸਿਖਾਉਂਦੇ ਹਨ, ਤਿਆਰ ਕਰਾਉਣਾ ਪਸੰਦ ਕਰਾਂਗੀ। ਕੀ ਅਸੀਂ ਅਦਨ ਦੇ ਬਾਗ ਦਾ ਦ੍ਰਿਸ਼ ਕਰ ਸਕਦੇ ਹਾਂ? ਜਾਂ ਰੂਥ?''

''ਵਿਕਟਰ ਨੇ ਲੋਰੀ ਨੂੰ ਕਿਹਾ, ''ਮੈਂ ਤੈਨੂੰ ਅਸਤਰ ਰਾਣੀ ਦਾ ਕਿਰਦਾਰ ਕਰਦਿਆਂ ਵੇਖਣਾ ਪਸੰਦ ਕਰਾਂਗਾ। ''ਮੈਂ ਅਸਾਨੀ ਨਾਲ ਉਜਾੜੂ ਪੁੱਤਰ ਦਾ ਕਿਰਦਾਰ ਕਰ ਸਕਦਾ ਹਾਂ, ਜਿਸਨੇ ਸਾਰੀ ਸੰਪਤੀ ਖਰਚ ਕਰ ਦਿੱਤੀ, ਜੋ ਉਸਦੇ ਪਿਤਾ ਨੇ ਉਸਨੂੰ ਦਿੱਤੀ ਸੀ। ਮੈਨੂੰ ਮਸੀਹ ਨੂੰ ਜਾਣਨ ਤੋਂ ਪਹਿਲਾ ਅਜਿਹੀਆਂ ਵਿਅਰਥ ਗਤੀਵਿਧੀਆਂ ਦਾ ਬਹੁਤ ਤਜਰਬਾ ਸੀ।''

ਟੀਨੋ ਹੱਸਿਆ, ''ਮੈਂ ਪਲੇ ਹੋਏ ਵੱਛੇ ਦਾ ਕਿਰਦਾਰ ਨਿਭਾ ਸਕਦਾ ਹਾਂ,'' ''ਉਜਾੜੂ ਪੁੱਤਰ ਦੇ ਪਿਤਾ ਨੇ ਆਪਣੇ ਪੁੱਤਰ ਦੀ ਵਾਪਸੀ ਦੀ ਖੁਸ਼ੀ ਮਨਾਉਣ ਲਈ ਇਸਨੂੰ ਮਾਰਿਆ ਸੀ। ਵੱਡਾ ਭਰਾ ਚੰਗਾ ਮਨੁੱਖ ਸੀ, ਪਰ ਜਿਵੇਂ ਯਿਸੂ ਨੇ ਬਿਆਨ ਕੀਤਾ ਉਸਨੇ ਉਸ ਕਿਰਪਾ ਤੇ ਰੋਸ ਪ੍ਰਗਟ ਕੀਤਾ, ਜੋ ਉਸਦੇ ਪਿਤਾ ਨੇ ਬੁਰੇ ਪਰ ਪਸ਼ਚਾਤਾਪੀ ਛੋਟੇ ਭਰਾ ਨੂੰ ਵਿਖਾਈ ਸੀ। ਉਹ ਉਨ੍ਹਾਂ ਮਿਹਨਤੀ ਕਾਮਿਆਂ ਵਰਗਾ ਸੀ, ਜਿਨ੍ਹਾਂ ਨੇ ਆਪਣੇ ਮਾਲਕ ਤੇ, ਲੋਕਾਂ ਨੂੰ ਪੂਰੀ ਦਿਹਾੜੀ ਦੇਣ ਕਾਰਨ ਰੋਸ ਪ੍ਰਗਟ ਕੀਤਾ, ਜਿਨ੍ਹਾਂ ਅੱਧਾ ਦਿਨ ਕੰਮ ਕੀਤਾ ਸੀ। ਚੰਗੇ ਲੋਕ ਅਕਸਰ ਪਰਮੇਸ਼ੁਰ ਦੀ ਕਿਰਪਾ ਦਾ ਵਿਰੋਧ ਕਰਦੇ ਹਨ, ਜਦੋਂ ਉਹ ਪਾਪੀਆਂ ਨੂੰ ਮੁਫ਼ਤ ਵਿੱਚ ਮਾਫ਼ ਹੁੰਦੇ ਵੇਖਦੇ ਹਨ''

ਲੋਰੀ ਨੇ ਪੁੱਛਿਆ, ਕੀ ਬਜ਼ੁਰਗ ਸਾਨੂੰ ਅਜਿਹੇ ਰਚਨਾਤਮਕ ਢੰਗ ਨਾਲ ਸਿਖਾਉਣ ਦੇਣਗੇ?''

ਵਿਕਟਰ ਨੇ ਦੱਸਿਆ, ''ਲੋਰੀ ਰਚਨਾਤਮਕ ਹੈ!'' ''ਉਹ ਬਹੁਤ ਜਿਆਦਾ ਪੜ੍ਹਦੀ ਹੈ ਅਤੇ ਜਿਹੜੀਆਂ ਜਰੂਰੀ ਗੱਲਾਂ ਉਸਨੂੰ ਲੱਭਦੀਆ ਹਨ ਯਾਦ ਰੱਖਦੀ ਹੈ''

ਟੀਨੋ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ, ''ਸਾਡੇ ਕੋਲ ਹੁਣ ਪਰਮੇਸ਼ੁਰ ਦਾ ਵਚਨ ਰਚਨਾਤਮਕ ਢੰਗ ਨਾਲ ਸਿਖਾਉਣ ਦੀ ਅਜ਼ਾਦੀ ਹੈ''ਅਸੀਂ ਘੰਮਡੀ ਸਿਧਾਂਤਵਾਦ ਦੇ ਵਿਰੁੱਧ ਆਤਮਿਕ ਯੁੱਧ ਲੜਿਆ ਹੈ ਅਤੇ ਜਿੱਤਿਆ ਹੈ! ਸਾਡੇ ਬਜ਼ੁਰਗ ਹੁਣ ਤੇਰੀ ਤਰ੍ਹਾਂ ਖੁਲ੍ਹੇ ਆਮ ਪਰਮੇਸ਼ੁਰ ਦੇ ਵਚਨ ਵਿੱਚੋਂ ਵਿਚਾਰ ਵਿਮਰਸ਼ ਕਰਨ ਅਤੇ ਇਸਨੂੰ ਉਸ ਢੰਗ ਨਾਲ ਸਿਖਾਉਣ, ਜਿਸ ਨਾਲ ਨਤੀਜੇ ਆਉਂਦੇ ਹਨ, ਨਿਰਾਸ਼ ਨਹੀਂ ਕਰਦੇ।''

ਲੋਰੀ ਨੇ ਕਿਹਾ, "ਬਹੁਤ ਵਧੀਆ!"

ਵਿਕਟਰ ਨੂੰ ਯਾਦ ਆਇਆ, "ਤੂੰ ਸਾਨੂੰ ਦੱਸਿਆ ਸੀ ਕਿ ਸਿਧਾਂਤਵਾਦ ਹਮੇਸ਼ਾਂ ਗਲਤ ਨਹੀਂ ਹੁੰਦਾ।" "ਇਸ ਲਈ ਉੱਚਿਤ ਮੌਕਾ ਕਦੋਂ ਹੈ?"

ਟੀਨੋ ਨੇ ਸਪੱਸ਼ਟ ਕੀਤਾ। "ਸਾਨੂੰ ਹਮੇਸ਼ਾ ਪਰਮੇਸ਼ੁਰ ਦੇ ਵਚਨ ਤੇ ਅਧਾਰਿਤ ਮਜ਼ਬੂਤ ਭਰੋਸਿਆਂ ਦੀ ਲੋੜ ਹੈ। ਅਸੀਂ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਘੁਮੰਡ ਨਾਲ ਬਹਿਸ ਕਰਨ ਜਾਂ ਪਰਮੇਸ਼ੁਰ ਦੀ ਕਿਰਪਾ ਪਾਉਣ ਲਈ ਨਹੀਂ ਕਰਦੇ, ਪਰ ਕਿਉਂਕਿ ਅਸੀਂ ਕਿਰਪਾ ਦੀ ਪ੍ਰਸ਼ੰਸ਼ਾ ਕਰਦਾ ਹਾਂ, ਜੋ ਸਾਨੂੰ ਪਹਿਲਾ ਹੀ ਪ੍ਰਾਪਤ ਹੁੰਦੀ ਹੈ। ਸਾਨੂੰ ਬੁਰੀ ਸਿੱਖਿਆ ਅਤੇ ਬੁਰੇ ਪ੍ਰਚਾਰ ਦੇ ਵਿਰੁੱਧ ਖੜ੍ਹੇ ਹੋਣ ਲਈ ਸਿਧਾਂਤਵਾਦ ਦਾ ਅਭਿਆਸ ਕਰਨ ਦੀ ਲੋੜ ਹੈ।"

"ਪ੍ਰਚਾਰ ਬੁਰਾ ਕਦੋਂ ਹੁੰਦਾ ਹੈ?" ਵਿਕਟਰ ਨੇ ਪੁੱਛਿਆ।

ਟੀਨੋ ਨੇ ਦੱਸਿਆ, "ਕੁਝ ਬੁਰੇ ਸਿੱਖਿਅਕ ਅਤੇ ਪ੍ਰਚਾਰਕ ਆਪਣੇ ਸੁਣਨ ਵਾਲਿਆਂ ਨੂੰ ਇਵੇਂ ਵੇਖਦੇ ਹਨ, ਜਿਵੇਂ ਉਹ ਵੱਡੇ ਕੰਨਾਂ ਵਾਲੇ ਖੋਤੇ ਹੋਣ! ਉਹ ਚਾਹੁੰਦੇ ਹਨ ਲੋਕ ਬੈਠਣ ਅਤੇ ਉਨ੍ਹਾਂ ਦੇ ਸਿਧਾਂਤਵਾਦੀ ਭਾਸ਼ਣ ਨੂੰ ਸੁਸਤ ਹੋ ਕੇ ਸੁਣਦੇ ਰਹਿਣ। ਉਹ ਵਿਸ਼ਵਾਸੀਆਂ ਨੂੰ ਜੀਵਿਤ ਸਰੀਰ, ਇੱਕ ਦੂਜੇ ਦੀ ਸੇਵਾ ਕਰਨ, ਆਲੇ-ਦੁਆਲੇ ਦੇ ਸਮਾਜ ਵਿੱਚ ਸ਼ੈਤਾਨ ਵਿਰੁੱਧ ਲੜਾਈਆਂ ਕਰਦਿਆਂ, ਭੁੱਖਿਆਂ ਨੂੰ ਰਜਾਉਣ ਅਤੇ ਬਿਮਾਰਾਂ ਨੂੰ ਚੰਗਿਆਈ ਦੇਣ ਵਾਲਿਆ ਦੇ ਰੂਪ ਵਿੱਚ ਨਹੀਂ ਵੇਖਦੇ ਹਨ।"

ਲੋਰੀ ਨੇ ਹੌਕਾ ਭਰਿਆ, "ਓਹ, ਪਿਆਰੇ ਪਰਮੇਸ਼ੁਰ, ਸਾਨੂੰ ਛੁਡਾ!"

"ਉਸਨੇ ਛੁਡਾਇਆ ਹੈ", ਜੂਲੀ ਨੇ ਕਿਹਾ।

ਵਿਕਟਰ ਨੇ ਆਪਣੀਆਂ ਕਾਪੀ ਵੱਲ ਵੇਖਿਆ ਜਿਸ ਵਿੱਚ ਉਹ ਟੀਨੋ ਦੀਆਂ ਦੱਸੀਆਂ ਹੋਈਆ ਗੱਲਾਂ ਲਿਖ ਰਿਹਾ ਸੀ। ਉਸਨੇ ਹੌਕਾ ਭਰਿਆ। "ਕੀ ਮੈਂ ਕਦੀ ਇਹ ਸਭ ਗੱਲਾਂ ਸਿੱਖ ਸਕਾਂਗਾ?"

ਟੀਨੋ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ, "ਤੂੰ ਅਤੇ ਲੋਰੀ ਪਰਮੇਸ਼ੁਰ ਅਤੇ ਉਸਦੀ ਕਿਰਪਾ ਬਾਰੇ ਪਹਿਲਾਂ ਤੋਂ ਦੂਜਿਆਂ ਨਾਲੋਂ ,ਜੋ ਚਾਲੀ ਸਾਲਾਂ ਤੋਂ ਵਿਸ਼ਵਾਸੀ ਹਾਂ ਬਹੁਤ ਕੁਝ ਸਮਝ ਚੁੱਕੇ ਹੋ। ਵਿਕਟਰ, ਨਿਸਚਤ ਤੌਰ ਤੇ ਤੇਰਾ ਦਿਮਾਗ ਖੋਜ ਕਰਨ ਵਾਲਾ ਹੈ! ਤੂੰ ਜਿੰਨੇ ਵੀ ਲੋਕਾਂ ਨੂੰ ਮੈਂ ਜਾਣਦਾ ਹਾਂ, ਉਨ੍ਹਾਂ ਨਾਲੋ ਬਹੁਤ ਜਿਆਦਾ ਪ੍ਰਸ਼ਨ ਪੁੱਛਦਾ ਹੈਂ!"

"ਬਹੁਤ ਸਾਰੇ?"

"ਓਹ, ਨਹੀਂ! ਤੇਰੀ ਉਤਸਕਤਾ ਅਤੇ ਸਮਝ ਵੀ ਪਰਮੇਸ਼ੁਰ ਦੀ ਕਿਰਪਾ, ਪਵਿੱਤਰ ਆਤਮਾ ਦਾ ਕੰਮ ਹੈ।"

"ਪਵਿੱਤਰ ਆਤਮਾ ਸਾਨੂੰ ਕਿਵੇਂ ਸਮਝ ਦੇਂਦਾ ਹੈ?"

"ਟੀਨੋ ਨੇ ਦੱਸਿਆ, ਉਹ ਸਾਡੇ ਮਨਾਂ ਨੂੰ ਚਮਕਾਉਂਦਾ ਹੈ, ਤਾਂ ਜੋ ਅਸੀਂ ਆਪਣੇ ਜੀਵਨਾਂ ਵਿੱਚ, ਆਪਣੇ ਮਿੱਤਰਾਂ ਤੇ ਅਤੇ ਸਾਡੇ ਦੁਸ਼ਮਣਾਂ ਤੇ ਪਰਮੇਸ਼ੁਰ ਦੇ ਵਚਨ ਨੂੰ ਲਾਗੂ ਕਰ ਸਕੀਏ। 2 ਕਰਿੰਥੀਆ 4:4 ਆਇਤ ਦੱਸਦੀ ਹੈ ਕਿ ਸ਼ੈਤਾਨ, ਇਸ ਸੰਸਾਰ ਦਾ ਈਸ਼ਵਰ, ਗੈਰ ਵਿਸ਼ਵਾਸੀਆ ਦੇ ਮਨਾਂ ਨੂੰ ਅੰਨ੍ਹਿਆਂ ਕਰਦਾ ਹੈ। ਕਿਰਪਾ ਦੇ ਚਮਤਕਾਰ ਨਾਲ ਅਸੀਂ ਪਰਮੇਸ਼ੁਰ ਦੀ ਸੱਚਾਈ ਨੂੰ ਸਮਝ ਸਕਦੇ ਹਾਂ, ਜਦੋਂ ਅਸੀਂ ਮਸੀਹ ਵਿੱਚ ਵਿਸ਼ਵਾਸ ਕਰਦੇ ਹਾਂ। ਪਵਿੱਤਰ ਆਤਮਾ ਸਾਨੂੰ ਅੰਦਰੂਨੀ ਗਵਾਹੀ ਦੇਂਦਾ ਹੈ, ਉਹ ਰਹੱਸਮਈ ਢੰਗ ਨਾਲ ਸਾਡੀ ਅਗਵਾਈ ਕਰਦਾ ਹੈ, ਜਿਵੇਂ ਕਿ ਅਸੀਂ ਰੋਮੀਆਂ 8 ਵਿੱਚ ਵੇਖਦੇ ਹਾਂ। ਉਹ ਸਾਨੂੰ ਭਰੋਸਾ ਦੇਂਦਾ ਹੈ ਕਿ ਅਸੀਂ ਪਰਮੇਸ਼ੁਰ ਦੇ ਪੁੱਤਰ ਹਾਂ।"

ਲੋਰੀ ਨੇ ਜ਼ੋਰ ਨਾਲ ਕਿਹਾ,"ਕੀ ਪਵਿੱਤਰ ਆਤਮਾ ਸਾਡੇ ਮਨਾਂ ਨੂੰ ਰੋਸ਼ਨ ਕਰਨ ਲਈ, ਸਿਰਫ ਪਵਿੱਤਰ ਵਚਨ ਦਾ ਪ੍ਰਯੋਗ ਕਰਦਾ ਹੈ? ਕੀ ਉਹ ਹੋਰ ਚੀਜ਼ਾਂ ਦਾ ਪ੍ਰਯੋਗ ਨਹੀਂ ਕਰਦਾ?"

"ਪਵਿੱਤਰ ਵਚਨ ਸਾਡਾ ਆਖ਼ਰੀ ਅਧਿਕਾਰ ਹੈ," ਟੀਨੋ ਨੇ ਜਵਾਬ ਦਿੱਤਾ, ਪਰ ਜ਼ਬੂਰ 19 ਅਤੇ ਰੋਮੀਆਂ 1 ਅਧਿਆਏ ਪ੍ਰਗਟ ਕਰਦਾ ਹੈ ਕਿ ਪਰਮੇਸ਼ੁਰ ਸਾਨੂੰ ਉਪਦੇਸ਼ ਦੇਣ ਲਈ, ਹੋਰ ਵੀ ਸਾਧਨਾਂ ਦਾ ਪ੍ਰਯੋਗ ਕਰਦਾ ਹੈ। ਇਸਦੇ ਵਿੱਚ ਸ਼ਾਮਿਲ ਹਨ, ਕੁਦਰਤ, ਇਤਿਹਾਸ, ਮਿੱਤਰ, ਅੰਤਹਕਰਨ, ਕੇਂਦ੍ਰਿਤ, ਮਕਸਦ ਭਰਿਆ ਮਨਨ, ਪ੍ਰਾਰਥਨਾ, ਤਜਰਬਾ ਅਤੇ ਕਈ ਵਾਰ ਸੁਫ਼ਨੇ।"

ਵਿਕਟਰ ਨੂੰ ਯਾਦ ਆਇਆ, "ਮੈਂ ਯਿਰਮੀਯਾਹ 29 ਵਿੱਚ ਪੜ੍ਹਿਆ ਸੀ ਕਿ ਝੂਠੇ ਨਬੀ ਉਨ੍ਹਾਂ ਦੇ ਸੁਫ਼ਨਿਆਂ ਦਾ ਪ੍ਰਚਾਰ ਕਰਦੇ ਸਨ।" "ਅਸੀਂ ਕਿਵੇਂ ਝੂਠੀ ਅਤੇ ਸੱਚੀ ਸਿੱਖਿਆ ਨੂੰ ਪਰਖ ਸਕਦੇ ਹਾਂ?"

ਟੀਨੋ ਨੇ ਦੱਸਿਆ, "ਝੂਠੀ ਸਿੱਖਿਆ ਹਮੇਸ਼ਾ ਪਵਿੱਤਰ ਵਚਨ ਦਾ ਵਿਰੋਧ ਕਰਦੀ ਜਾਂ ਇਸਨੂੰ ਗਲਤ ਢੰਗ ਨਾਲ ਲਾਗੂ ਕਰਦੀ ਹੈ," "ਇਹ ਸਾਡੇ ਪ੍ਰਭੂ ਯਿਸੂ ਮਸੀਹ ਦੀ ਵਡਿਆਈ ਵੀ ਨਹੀਂ ਕਰਦੀ । ਇਹ ਜਿਆਦਾਤਰ ਅਕਸਰ ਮਨੁੱਖ ਜਾਂ ਇੱਕ ਸੰਗਠਨ ਦੀ ਵਡਿਆਈ ਕਰਦੀ ਹੈ ਜਾਂ ਕਿਸੇ ਤਰੀਕੇ, ਅਧਿਕਾਰ ਦੇ ਭੁੱਖੇ, ਧਾਰਮਿਕ ਜਾਲਮਾਂ ਨੂੰ ਅਧਿਕਾਰ ਦੇ ਅਹੁੱਦੇ ਤੇ ਰੱਖਦੀ ਹੈ।"

ਵਿਕਟਰ ਨੇ ਕਿਹਾ, "ਇਹ ਗੱਲ ਹੈ।" "ਉਹ ਪਰਮੇਸ਼ੁਰ ਦੇ ਵਚਨ ਦਾ ਪ੍ਰਯੋਗ ਕਰਦੇ ਹਨ, ਪਰ ਪਵਿੱਤਰ ਆਤਮਾ ਦੀ ਸ਼ਕਤੀ ਵਿੱਚ ਨਹੀਂ। ਅਸੀਂ ਕਿਵੇਂ ਜਾਣ ਸਕਦੇ ਹਾਂ, ਜਦੋਂ ਉਹ ਉਨ੍ਹਾਂ ਦੀ ਆਪਣੀ ਮਨੁੱਖੀ ਸ਼ਕਤੀ ਵਿੱਚ, ਇਸ ਢੰਗ ਨਾਲ ਸਿਖਾਉਂਦੇ ਹਨ?"

"ਇੱਕ ਹੋਰ ਪ੍ਰਕਾਰ ਦੀ ਝੂਠੀ ਸਿੱਖਿਆ, ਹੋਰ ਵੀ ਧੋਖਾ ਦੇਂਦੀ ਹੈ, ਕਿਉਂਕਿ ਇਹ ਵਿਸ਼ਾ ਨਹੀਂ, ਜੋ ਝੂਠਾ ਹੈ ਪਰ ਮਕਸਦ। ਉਨ੍ਹਾਂ ਘਮੰਡੀ ਸਿਧਾਂਤਵਾਦੀਆਂ ਤੋਂ ਖ਼ਬਰਦਾਰ ਰਹੋ, ਜੋ ਪਰਮੇਸ਼ੁਰ ਦੇ ਵਚਨ ਨੂੰ ਉਨ੍ਹਾਂ ਦੇ ਪ੍ਰਚਾਰ ਜਾਂ ਸਿੱਖਿਆ ਲਈ ਵਿਸ਼ੇ ਦੇ ਰੂਪ ਵਿੱਚ ਪ੍ਰਯੋਗ ਕਰਦੇ ਹਨ। ਅਸੀਂ ਜੋ ਵੀ ਸਿਖਾਉਂਦੇ ਹਾਂ, ਸਾਨੂੰ ਸਾਡੇ ਸਮੂਹ ਦੀਆਂ ਗਤੀਵਿਧੀਆਂ ਦੀ ਅਗਵਾਈ ਕਰਨ ਲਈ ਵਚਨ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਇਸਨੂੰ ਗਵਾਹੀ, ਅਰਾਧਨਾ, ਨਵੇਂ ਵਿਸ਼ਵਾਸੀਆਂ ਦੀ ਪੁਸ਼ਟੀ,

ਸੇਵਕਾਈ ਲਈ ਸੰਚਾਲਨ, ਪਾਸਟਰਾਂ ਨੂੰ ਸਿੱਖਿਆ ਦੇਣ ਅਤੇ ਪ੍ਰਚਾਰਕਾਂ ਨੂੰ ਭੇਜਣ ਵਿੱਚ ਅਗਵਾਈ ਕਰਨ ਦਿਓ। ਝੂਠੇ ਸਿੱਖਿਅਕ ਅਕਸਰ ਉਨ੍ਹਾਂ ਦੀ ਬਾਈਬਲ ਨੂੰ ਉਨ੍ਹਾਂ ਦੀ ਸਿੱਖਿਆ ਦੇ ਵਿਸ਼ੇ ਲਈ ਸਹੀ ਢੰਗ ਨਾਲ ਪ੍ਰਯੋਗ ਕਰਦੇ ਹਨ, ਪਰ ਉਹ ਇਨ੍ਹਾਂ ਹੋਰ ਗਤੀਵਿਧੀਆਂ ਨੂੰ ਇਨ੍ਹਾਂ ਤਰੀਕਿਆਂ ਨਾਲ ਕਰਦੇ ਹਨ ਜੋ ਨਵੇਂ ਨੇਮ ਦੇ ਤਰੀਕੇ ਦੇ ਵਿਰੁੱਧ ਹਨ।"

"ਵਿਕਟਰ ਨੇ ਕਿਹਾ, "ਤੇਰੀ ਟਰੇਨ ਛੇਤੀ ਹੀ ਜਾਵੇਗੀ।" "ਮੈਂ ਇਸ ਸਮੇਂ ਦੀ ਤਾਰੀਫ਼ ਕਰਦਾ ਹਾਂ, ਜੋ ਅਸੀਂ ਇਕੱਠੇ ਗੱਲਬਾਤ ਕਰਕੇ ਬਿਤਾਇਆ ਹੈ। ਇਸ ਤੋਂ ਪਹਿਲਾਂ ਕਿ ਤੂੰ ਟਰੇਨ ਵਿੱਚ ਬੈਠੇਂ, ਮੇਰੇ ਕੋਲ ਇੱਕ ਹੋਰ ਪ੍ਰਸ਼ਨ ਹੈ ਕਿ ਪਵਿੱਤਰ ਆਤਮਾ ਸਾਡੀ ਅਗਵਾਈ ਕਿਵੇਂ ਕਰਦਾ ਹੈ। ਅਸੀਂ ਜੋ ਕਰਦੇ ਹਾਂ, ਉਸ ਲਈ ਪਰਮੇਸ਼ੁਰ ਦੀ ਇੱਛਾ ਨੂੰ ਸਮਝ ਸਕਦੇ ਹਾਂ?"

"ਕੁਝ ਮਸੀਹੀ ਲੋਕਾਂ ਦੀ ਅਗਵਾਈ ਸਿਰਫ਼ ਉਨ੍ਹਾਂ ਦੀਆਂ ਭਾਵਨਾਵਾਂ ਅਤੇ ਉਤੇਜਕ ਅਨੁਭਵਾਂ ਦੁਆਰਾ ਹੁੰਦੀ ਹੈ। ਦੂਜੇ ਲੋਕ ਸਿਰਫ ਪਵਿੱਤਰ ਵਚਨ ਵਿੱਚੋਂ ਅਤੇ ਇਸ ਬਾਰੇ ਵਿਸ਼ਲੇਸ਼ਣ ਪੂਰਨ ਸਿੱਖਿਆ ਤੋਂ ਅਗਵਾਈ ਦੀ ਭਾਲ ਕਰਦੇ ਹਨ। ਹੋਰ ਦੂਜੇ, ਉਨ੍ਹਾਂ ਦੀ ਮੰਡਲੀ ਵਿੱਚੋਂ ਦੂਜੇ ਲੋਕਾਂ ਤੋਂ ਅਗਵਾਈ ਪਾਉਂਦੇ ਹਨ ਅਤੇ ਸਿਰਫ ਉਨ੍ਹਾਂ ਸੱਚਾਈਆਂ ਨੂੰ ਗਲੇ ਲਾਉਂਦੇ ਹਨ, ਜੋ ਉਨ੍ਹਾਂ ਦੇ ਆਗੂਆਂ ਨੂੰ ਖ਼ੁਸ਼ ਕਰਦੀਆਂ ਹਨ। ਸਾਨੂੰ ਇਨ੍ਹਾਂ ਸਾਰਿਆਂ ਤਰੀਕਿਆਂ ਨੂੰ ਸੰਤੁਲਿਤ ਕਰਨਾ ਚਾਹੀਦਾ ਹੈ। ਪਵਿੱਤਰ ਆਤਮਾ ਇਨ੍ਹਾਂ ਸਿੱਖਣ ਵਾਲੇ ਅਨੁਭਵਾਂ ਦਾ ਏਕੀਕਰਨ ਕਰਨ ਵਿੱਚ ਸਾਡੀ ਮਦਦ ਕਰਦਾ ਹੈ, ਤਾਂ ਕਿ ਉਹ ਉਨ੍ਹਾਂ ਤਿੰਨਾਂ ਦਾ ਪ੍ਰਯੋਗ ਸਾਡੀ ਅਗਵਾਈ ਕਰਨ ਲਈ ਕਰ ਸਕੇ। ਉਹ ਸਾਡੇ ਅਨੁਭਵਾਂ ਅਤੇ ਭਾਵਨਾਵਾਂ, ਤਰਕ ਅਤੇ ਗਿਆਨ, ਅਤੇ ਵਿਸ਼ਵਾਸੀਆਂ ਦੇ ਪਿਆਰੇ ਸਮਾਜ ਦਾ ਪ੍ਰਯੋਗ ਕਰਦਾ ਹੈ। ਇਸ ਸੰਤੁਲਨ ਤੋਂ ਬਿਨ੍ਹਾਂ, ਮੰਡਲੀ ਇਸਦੀ ਸੇਵਕਾਈ ਦੇ ਵਾਧੇ ਦੇ ਇੱਕ ਪੱਖ ਤੇ ਜ਼ੋਰ ਦੇਂਦੀ ਹੈ। ਸ਼ੈਤਾਨ ਹਮੇਸ਼ਾ ਮਸੀਹ ਦੀ ਦੇਹ ਵਿੱਚ ਚੰਗੇ ਸੰਤੁਲਨ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਦਾ ਹੈ। ਲਗਭਗ ਹਮੇਸ਼ਾਂ ਇੱਕ ਮੰਡਲੀ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ, ਇਸਦੀ ਸਭ ਤੋਂ ਵੱਡੀ ਸ਼ਕਤੀ ਨੂੰ ਬਹੁਤਾਤ ਵਿੱਚ ਲੈਣਾ।"

ਵਿਕਟਰ ਨੇ ਟਿੱਪਣੀ ਕੀਤੀ, "ਮੇਰਾ ਸਭ ਤੋਂ ਵੱਡਾ ਸੰਘਰਸ਼, ਹਾਲੇ ਵੀ ਆਰਥਰ ਅਤੇ ਉਸਦੇ ਚੇਲਿਆਂ ਨਾਲ ਹੈ। ਉਹ ਉਨ੍ਹਾਂ ਨੂੰ ਕਸੂਰਵਾਰ ਮਹਿਸੂਸ ਕਰਵਾਉਣ ਲਈ, ਨਵੇਂ ਵਿਸ਼ਵਾਸੀਆਂ ਦੇ ਅੰਤਹਕਰਨਾਂ ਨੂੰ ਪਰੇਸ਼ਾਨ ਕਰਦੇ ਹਨ। ਫਿਰ ਨਵੇਂ ਵਿਸ਼ਵਾਸੀ ਸ਼ੱਕ ਕਰਦੇ ਹਨ ਕਿ ਪਰਮੇਸ਼ੁਰ ਪਾਪ ਉੱਤੇ ਫਤਹ ਪਾਉਣ ਲਈ ਅਤੇ ਦੂਜਿਆਂ ਨੂੰ ਪਿਆਰ ਕਰਨ ਵਿੱਚ ਮਦਦ ਕਰਦਾ ਹੈ। ਉਲੂ....ਮੇਰਾ ਮਤਲਬ ਆਰਥਰ, ਅਕਸਰ ਪੁਰਾਣੇ ਨੇਮ ਦੇ ਨਬੀਆਂ ਦਾ ਹਵਾਲਾ ਦੇਂਦਾ ਹੈ ਕਿ ਕਿਵੇਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਸਜ਼ਾ ਦਿੱਤੀ। ਉਸਦੀ 'ਬੰਸਰੀ' ਵਿੱਚ ਸਿਰਫ ਇੱਕੋ ਹੀ ਸੁਰ ਹੈ!"

"ਟੀਨੋ ਨੇ ਚੇਤਾਵਨੀ ਦਿੱਤੀ, "ਆਰਥਰ ਅਤੇ ਉਸਦੇ ਪਿੱਛੇ ਚੱਲਣ ਵਾਲੇ, ਪੁਰਾਣੇ ਅਤੇ ਨਵੇਂ ਨੇਮ ਵਿੱਚ ਬਹੁਤ ਘੱਟ ਫ਼ਰਕ ਕੱਢਦੇ ਹਨ।" "ਇਸ ਨਾਲ ਲੋਕ ਉਲਝਣ ਵਿੱਚ ਪੈ ਜਾਂਦੇ ਹਨ। ਸਾਨੂੰ ਬਿਵਸਥਾ ਅਤੇ ਕਿਰਪਾ ਵਿੱਚ ਫਰਕ ਸਮਝਣਾ ਚਾਹੀਦਾ ਹੈ। ਉਨ੍ਹਾਂ ਸਿੱਖਿਅਕਾਂ ਤੋਂ ਸਾਵਧਾਨ ਰਹੋ, ਜਿਹੜੇ ਪੁਰਾਣੇ ਅਤੇ ਨਵੇਂ ਨੇਮ ਵਿੱਚ ਵੱਡੇ ਫ਼ਰਕ ਨੂੰ ਵੇਖਣ ਵਿੱਚ ਅਸਫ਼ਲ ਹੁੰਦੇ ਹਨ। ਯਿਸੂ ਦੀ ਮੌਤ ਅਤੇ ਉਸਦੇ ਜੀ ਉੱਠਣ ਨੇ ਮਨੁੱਖ ਨਾਲ ਪਰਮੇਸ਼ੁਰ ਦੇ ਵਰਤੀਰੇ ਦੇ ਢੰਗ ਨੂੰ ਬਦਲ ਦਿੱਤਾ। ਪਰਮੇਸ਼ੁਰ ਦੇ ਲੋਕ ਬਿਵਸਥਾ ਤੋਂ ਕਿਰਪਾ ਵੱਲ ਜਾ ਚੁੱਕੇ ਹਨ, ਜਿਵੇਂ ਰੋਮੀਆਂ 6:14 ਇਸ ਦੀ ਸਪੱਸ਼ਟ ਤੌਰ ਤੇ ਪੁਸ਼ਟੀ ਕਰਦੀ ਹੈ। ਕਾਨੂੰਨਵਾਦੀ ਪੁਰਾਣੇ ਨੇਮ ਦੇ ਨਿਯਮਾਂ ਨੂੰ ਚੰਬੜਿਆ ਰਹਿੰਦਾ ਹੈ। ਬੁਰੇ ਸਿੱਖਿਅਕ, ਨਿਯਮਾਂ ਨੂੰ ਕਈ ਗੁਣਾਂ ਵਧਾ ਦਿੰਦੇ ਹਨ। ਉਹ ਸਿਰਫ ਪੁਰਾਣੇ ਨੇਮ ਦੇ ਨਿਯਮਾਂ ਦਾ ਹੀ ਪ੍ਰਯੋਗ ਨਹੀਂ ਕਰਦੇ, ਜੋ ਪੁਰਾਤਨ ਇਸਰਾਏਲ ਨੇ ਲਾਗੂ ਕੀਤੇ; ਉਹ ਮਨੁੱਖ ਦੇ ਬਣਾਏ ਹੋਏ ਨਿਯਮਾਂ ਦੀ ਖੋਜ ਕਰਦੇ ਅਤੇ ਉਨ੍ਹਾਂ ਦੀ ਪਾਲਣਾ ਕਰਦੇ ਹਨ।"

ਵਿਕਟਰ ਨੇ ਟਿੱਪਣੀ ਕੀਤੀ, "ਤੂੰ ਕਿਹਾ ਸੀ ਕਿ ਪੁਰਾਣੇ ਨੇਮ ਦੇ ਨਿਯਮ ਸਿਰਫ਼ ਪੁਰਾਤਨ ਇਸਰਾਏਲ ਤੇ ਹੀ ਲਾਗੂ ਹੁੰਦੇ ਹਨ।" "ਕੀ ਅੱਜ ਪੁਰਾਣੇ ਨੇਮ ਦਾ ਕੋਈ ਨਿਯਮ ਲਾਗੂ ਨਹੀਂ ਹੁੰਦਾ?"

"ਯਿਸੂ ਅਤੇ ਉਸਦੇ ਚੇਲਿਆਂ ਨੇ, ਪੁਰਾਣੇ ਨੇਮ ਦੇ ਕੁਝ ਨਿਯਮਾਂ ਨੂੰ ਨਵੇਂ ਨੇਮ ਵਿੱਚ, ਕਲੀਸਿਯਾ ਲਈ ਨਿਰਦੇਸ਼ਾਂ ਦੇ ਰੂਪ ਵਿੱਚ ਦੁਹਰਾਇਆ। ਉਦਾਹਰਣ ਲਈ, ਉਨ੍ਹਾਂ ਨੇ ਸਾਰੇ ਦਸ ਹੁਕਮਾਂ ਦੀ ਦੁਬਾਰਾ ਪੁਸ਼ਟੀ ਕੀਤੀ, ਜਿਹੜੇ ਪੁਰਾਣੇ ਨੇਮ ਦੇ ਅਧਾਰ ਲਈ ਬਣਾਏ ਗਏ ਸਨ, ਸਿਰਫ ਸੱਬਤ ਨੂੰ ਮੰਨਣ ਨੂੰ ਛੱਡ ਕੇ। ਅਸੀਂ ਨਵੇਂ ਨੇਮ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹਾਂ, ਕਿਉਂਕਿ ਅਸੀਂ ਪਰਮੇਸ਼ੁਰ ਦੇ ਲੋਕਾਂ ਨੂੰ ਉਲਝਣ ਵਿਚ ਪਾ ਦੇਵਾਂਗੇ, ਜੇਕਰ ਅਸੀਂ ਪੁਰਾਣੇ ਨੇਮ ਦੇ ਨਿਯਮਾਂ ਵਿੱਚੋਂ ਕੁਝ ਦੀ ਆਗਿਆ ਮੰਨਣਾ ਚੁਣਾਂਗੇ ਅਤੇ ਬਾਕੀਆਂ ਨੂੰ ਨਜ਼ਰ ਅੰਦਾਜ ਕਰਾਂਗੇ।"

"ਕਿਹੜੇ ਕੁਝ ਪੁਰਾਣੇ ਨਿਯਮ ਹਨ, ਜਿਨ੍ਹਾਂ ਦੀ ਅੱਜ ਅਸੀਂ ਆਗਿਆ ਨਹੀਂ ਮੰਨਾਂਗੇ?"

"ਬਹੁਤ ਸਾਰੇ ਹਨ। ਜੇਕਰ ਮੈਂ ਸਾਰਿਆਂ ਦਾ ਜ਼ਿਕਰ ਕਰਾਂਗਾ ਤਾਂ ਟਰੇਨ ਚਲੀ ਜਾਵੇਗੀ। ਉਨ੍ਹਾਂ ਵਿੱਚੋਂ ਮੈਨੂੰ ਕੁਝ ਯਾਦ ਕਰ ਲੈਣ ਦੇ। ਅਸੀਂ ਹੇਠ ਲਿਖੀਆਂ ਗੱਲਾਂ ਵਿੱਚੋਂ ਕੋਈ ਨਹੀਂ ਕਰਦੇ, ਜਿਨ੍ਹਾਂ ਦੀ ਪੁਰਾਣਾ ਨੇਮ ਮੰਗ ਕਰਦਾ ਹੈ:

ਸਾਡੇ ਪਵਿੱਤਰ ਅਸਥਾਨ ਵਿੱਚ ਖ਼ਤਨਾ ਰਹਿਤ ਲੋਕਾਂ ਨੂੰ ਦਾਖਲ ਹੋਣ ਤੋਂ ਮਨ੍ਹਾ ਕਰਨਾ।

ਉਨ੍ਹਾਂ ਬੱਚਿਆਂ ਨੂੰ ਚਾਕੂ ਨਾਲ ਮਾਰ ਦੇਣਾ, ਜਿਹੜੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਸਰਾਪ ਦੇਂਦੇ ਹਨ।

ਹਰਾਮਕਾਰੀਆਂ ਨੂੰ ਪੱਥਰ ਮਾਰਨਾ।

ਮੂਰਤੀਆਂ ਦੀ ਅਰਾਧਨਾ ਕਰਨ ਵਾਲੇ ਲੋਕਾਂ ਨੂੰ ਮਾਰ ਦੇਣਾ।

ਉਨ੍ਹਾਂ ਲੋਕਾਂ ਨੂੰ ਮਾਰ ਦੇਣਾ, ਜਿਹੜੇ ਹਫ਼ਤੇ ਦੇ ਸੱਤਵੇਂ ਦਿਨ ਕੰਮ ਕਰਦੇ ਹਨ।

ਉਨ੍ਹਾਂ ਲੋਕਾਂ ਨੂੰ ਮਾਰ ਦੇਣਾ, ਜਿਹੜੇ ਭਵਿੱਖਬਾਣੀਆਂ ਕਰਦੇ ਹਨ, ਜੋ ਪੂਰੀਆਂ ਨਹੀਂ ਹੁੰਦੀਆਂ।

ਯਰੂਸ਼ਲਮ ਵਿੱਚ, ਤਿਉਹਾਰਾਂ ਵਿੱਚ ਸ਼ਾਮਿਲ ਹੋਣ ਲਈ ਲੋਕਾਂ ਨੂੰ ਮਜ਼ਬੂਰ ਕਰਨਾ।

ਵਿਆਹੇ ਮਨੁੱਖ ਨੂੰ, ਉਸਦੇ ਬੇ-ਔਲਾਦ ਭਰਾ ਦੀ ਵਿਧਵਾ ਨਾਲ ਵੀ ਵਿਆਹ ਕਰਨ ਲਈ ਮਜ਼ਬੂਰ ਕਰਨਾ।

ਕਿਸਾਨਾਂ ਨੂੰ ਹਰ ਸੱਤਵੇਂ ਸਾਲ, ਉਨ੍ਹਾਂ ਦੇ ਖੇਤਾਂ ਨੂੰ ਬਿਨ੍ਹਾਂ ਉਪਜ ਦੇ ਵਿਹਲਾ ਛੱਡਣ ਲਈ ਮਜ਼ਬੂਰ ਕਰਨਾ।

ਸਾਡੀ ਹਫ਼ਤਾਵਾਰ ਅਰਾਧਨਾ ਲਈ, ਨਰ ਭੇਡ ਮਾਰਨਾ।

ਅਰਾਧਨਾ ਕਰਨ ਲਈ ਸਿਰਫ ਯਰੂਸ਼ਲਮ ਨੂੰ ਜਾਣਾ।

ਲੋਰੀ ਨੇ ਟਿੱਪਣੀ ਕੀਤੀ, ''ਪੁਰਾਣੀ ਬਿਵਸਥਾ ਕਿੰਨੀ ਸਖ਼ਤ ਸੀ!''

ਟੀਨੋ ਸਹਿਮਤ ਹੋਇਆ, ''ਇਹ ਬਹੁਤ ਸਖ਼ਤ ਸੀ।''

''ਪੁਰਾਣੀ ਬਿਵਸਥਾ ਨੇ ਪੱਤਰ ਨੇ ਲੋਕਾਂ ਨੂੰ ਦੋਸ਼ੀ ਠਹਿਰਾਇਆ ਅਤੇ ਮੌਤ ਵੱਲ ਅਗਵਾਈ ਕੀਤੀ, ਜਿਵੇਂ 2 ਕੁਰਿੰਥੀਆਂ 3:6 ਪੁਸ਼ਟੀ ਕਰਦੀ ਹੈ।''

''ਕਿਉਂ?'' ਆਪਣੇ ਹੱਥ ਵਿੱਚ ਲਿਖਣ ਲਈ ਪੈਨ ਤਿਆਰ ਕਰਦਿਆਂ, ਵਿਕਟਰ ਨੇ ਪੁੱਛਿਆ ''ਉਸ ਬਿਵਸਥਾ ਦਾ ਕੀ ਮਕਸਦ ਸੀ, ਜੋ ਪਰਮੇਸ਼ੁਰ ਨੇ ਮੂਸਾ ਨੂੰ ਦਿੱਤੀ ਸੀ?''

''ਪੁਰਾਣੀ ਬਿਵਸਥਾ ਦੇ ਤਿੰਨ ਮੁੱਖ ਮਕਸਦ ਸਨ:

ਪਹਿਲਾ, ਰੋਮੀਆਂ 3:20 ਸਪੱਸ਼ਟ ਕਰਦੀ ਹੈ ਕਿ ਪਵਿੱਤਰ ਪਰਮੇਸ਼ੁਰ ਨੇ ਪੁਰਾਣੀ ਬਿਵਸਥਾ ਦਿੱਤੀ, ਤਾਂ ਜੋ ਲੋਕ ਜਾਣ ਸੱਕਣ ਕਿ ਉਹ ਪਾਪੀ ਸਨ। ਇਸਨੇ ਲੋਕਾਂ ਦੇ ਪਾਪਾਂ ਨੂੰ ਨੰਗਿਆਂ ਕੀਤਾ ਅਤੇ ਇਸ ਤਰ੍ਹਾਂ ਮਨੁੱਖ ਜਾਤੀ ਨੂੰ ਮਸੀਹ ਲਈ ਤਿਆਰ ਕੀਤਾ, ਜਿਵੇਂ ਰੋਮੀਆਂ ਅਧਿਆਏ 3 ਅਤੇ ਗਲਾਤੀਆਂ ਅਧਿਆਏ 3 ਪ੍ਰਗਟ ਕਰਦਾ ਹੈ।

ਦੂਜਾ, ਗਲਾਤੀਆਂ 3:24 ਅਨੁਸਾਰ ਪੁਰਾਣੀ ਬਿਵਸਥਾ, ਪਰਮੇਸ਼ੁਰ ਦੇ ਲੋਕਾਂ ਨੂੰ ਮਸੀਹ ਦੇ ਆਉਣ ਲਈ ਤਿਆਰ ਕਰਨ ਵਾਸਤੇ ਸਿੱਖਿਅਕ ਸੀ।

ਤੀਜਾ, ਪੁਰਾਣੀ ਬਿਵਸਥਾ ਨੇ ਪੁਰਾਤਨ ਕੌਮ ਇਸਰਾਏਲ ਨੂੰ ਸ਼ਾਸ਼ਨ, ਸਥਿਰਤਾ, ਆਸ ਅਤੇ ਖੁਸ਼ੀ ਦਿੱਤੀ। ਜ਼ਬੂਰ 119:127 ਵਿੱਚ ਦਾਊਦ ਨੇ ਬਿਵਸਥਾ ਲਈ ਆਪਣੇ ਪਿਆਰ ਦੀ ਪੁਸ਼ਟੀ ਕੀਤੀ।

ਵਿਕਟਰ ਨੇ ਬਿਵਸਥਾ ਦੇ ਇਨ੍ਹਾਂ ਮਕਸਦਾਂ ਨੂੰ ਲਿਖ ਲਿਆ, ਤਾਂ ਕਿ ਉਹ ਉਨ੍ਹਾਂ ਨੂੰ ਬਾਅਦ ਵਿੱਚ ਜਾਂਚ ਸਕਦਾ। ਟੀਨੋ ਨੇ ਜਵਾਨ ਜੋੜੇ ਨੂੰ ਭਰੋਸਾ ਦਿਵਾਇਆ, ''ਪਰਮੇਸ਼ੁਰ ਨੇ ਪੁਰਾਣੀ ਬਿਵਸਥਾ ਦੁਆਰਾ ਮਨੁੱਖ ਜਾਤ ਦੇ ਪਾਪ ਨੂੰ ਉਜਾਗਰ ਕੀਤਾ, ਅਤੇ ਆਪਣੀ ਕਿਰਪਾ ਨਾਲ ਉਹ ਸਾਡੇ ਪਾਪ ਨੂੰ ਮਾਫ਼ ਕਰਦਾ ਹੈ ਅਤੇ ਸਾਨੂੰ ਸਦੀਪਕ ਜੀਵਨ ਦੇਂਦਾ ਹੈ। ਅਸੀਂ ਹੁਣ ਕਿਰਪਾ ਦੇ ਨਵੇਂ ਨੇਮ ਵਿੱਚ ਭਾਗੀ ਹੁੰਦੇ ਹਾਂ, ਜਿਸ ਬਾਰੇ ਯਿਰਮਿਯਾਹ 31:31 ਵਿੱਚ ਯਿਰਮਿਯਾਹ ਨੇ ਯਿਸੂ ਦੇ ਜਨਮ ਤੋਂ ਕਈ ਸੌ ਸਾਲ ਪਹਿਲਾਂ ਹੀ ਭਵਿੱਖਬਾਣੀ ਕੀਤੀ ਸੀ। ਪਰਮੇਸ਼ੁਰ ਨੇ ਯਿਰਮਿਯਾਹ ਦੁਆਰਾ ਪ੍ਰਗਟ ਕੀਤਾ ਸੀ ਕਿ ਨਵਾਂ ਨੇਮ ਪੁਰਾਣੇ ਅਸਥਾਈ ਨੇਮ ਦੀ ਜਗ੍ਹਾ ਲੈ ਲਵੇਗਾ, ਜਿਸ ਵਿੱਚ ਪਰਮੇਸ਼ੁਰ ਦੇ ਨਿਯਮ, ਪੱਥਰਾਂ ਦੀ ਬਜਾਏ ਸਾਡੇ ਦਿਲਾਂ ਤੇ ਲਿਖੇ ਜਾਣਗੇ।''

''ਵਿਕਟਰ ਨੇ ਪੁੱਛਿਆ, ''ਨਵੇਂ ਨੇਮ ਵਿੱਚ ਯਿਸੂ ਅਤੇ ਉਸਦੇ ਰਸੂਲ ਕਹਿੰਦੇ ਹਨ ਕਿ ਪੁਰਾਣਾ ਨੇਮ ਹੁਣ ਸਾਡੇ ਤੇ ਲਾਗੂ ਨਹੀਂ ਹੁੰਦਾ?''

ਟੀਨੋ ਨੇ ਬਾਈਬਲ ਦੇ ਕੁਝ ਵਚਨ ਲੱਭੇ, ਜੋ ਦੱਸਦੇ ਸਨ ਕਿ ਪੁਰਾਣੇ ਨੇਮ ਦਾ ਹੁਣ ਕੋਈ ਪ੍ਰਭਾਵ ਨਹੀਂ। ਵਿਕਟਰ ਨੇ ਲਿਖਿਆ:

ਹੁਣ ਪੁਰਾਣੇ ਨੇਮ ਦੀ ਸਾਰੀ ਬਿਵਸਥਾ, ਪਿਆਰ ਦੀ ਬਿਵਸਥਾ ਵਿੱਚ ਪੂਰੀ ਹੋਈ ਹੈ, ਜੋ ਆਤਮਾ ਦਾ ਫਲ ਹੈ, ਜਿਹੜਾ ਪਰਮੇਸ਼ੁਰ ਸਾਰੇ ਵਿਸ਼ਵਾਸੀਆਂ ਨੂੰ ਦੇਂਦਾ ਹੈ, ਮੱਤੀ 22:38-40; ਗਲਾਤੀਆਂ 5:22-23.

ਅਸੀਂ ਹੁਣ ਬਿਵਸਥਾ ਅਧੀਨ ਨਹੀਂ, ਪਰ ਕਿਰਪਾ ਅਧੀਨ ਹਾਂ, ਰੋਮੀਆਂ 6:8-18,

ਅਸੀਂ ਸ਼ਰਾ ਦੇ ਕੰਮਾਂ ਤੋਂ ਨਹੀਂ, ਸਗੋਂ ਨਿਰਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਧਰਮੀ ਠਹਿਰਾਏ ਜਾਂਦੇ ਹਾਂ। ਗਲਾਤੀਆਂ 2:16 ਤੋਂ 3:24

ਯਿਸੂ ਨੇ ਆਪਣੀ ਮੌਤ ਅਤੇ ਜੀਅ ਉੱਠਣ ਦੁਆਰਾ, ਸਾਰੀਆਂ ਦੁਸ਼ਟ ਆਤਮਾਵਾਂ ਉੱਤੇ ਜਿੱਤ ਪਾਈ, ਉਸ ਮੌਤ ਦੀ ਸਜ਼ਾ ਨੂੰ ਰੱਦ ਕੀਤਾ, ਜਿਸਦਾ ਹੁਕਮ ਸਾਡੇ ਵਿਰੁੱਧ ਹੋਇਆ ਸੀ, ਕੁਲੁੱਸੀਆਂ 2:13-17

ਨਵੇਂ ਨੇਮ ਦਾ ਪਰਤਾਪ ਜੋ ਸਦੀਪਕ ਹੈ, ਉਸ ਪੁਰਾਣੇ ਨੇਮ ਦੇ ਪਰਤਾਪ ਨਾਲੋਂ ਕਿਤੇ ਤੇਜਵਾਨ ਹੈ, ਜੋ ਅਸਥਾਈ ਸੀ ਅਤੇ ਅਲੋਪ ਹੋਣ ਵਾਲਾ ਸੀ, 2 ਕੁਰਿੰਥੀਆਂ 3:7-13

ਲੋਰੀ ਨੇ ਕਿਹਾ, ''ਕਿੰਨੀ ਸੁੱਖ ਦੀ ਗੱਲ ਹੈ।'' ''ਹੁਣ ਮੈਂ ਸਮਝ ਗਈ ਹਾਂ ਕਿ ਆਰਥਰ ਕੋਲ, ਸਾਨੂੰ ਬਹੁਤ ਸਾਰੇ ਨਿਯਮਾਂ ਨੂੰ ਮਨਾਉਣ ਲਈ ਮਜ਼ਬੂਰ ਕਰਨ ਦਾ ਕੋਈ ਅਧਾਰ ਨਹੀਂ ਹੈ।''

''ਮੇਰੀ ਟਰੇਨ ਛੇਤੀ ਹੀ ਜਾਣ ਵਾਲੀ ਹੈ। ਇਸ ਤੋਂ ਪਹਿਲਾਂ ਕਿ ਮੈਂ ਜਾਵਾਂ, ਸੁਣ 2 ਕੁਰਿੰਥੀਆਂ 3:6-10 ਕਿਰਪਾ ਦੇ ਨੇਮ ਬਾਰੇ ਕੀ ਪ੍ਰਗਟ ਕਰਦੀ ਹੈ।'' ਉਸਨੇ ਪੜ੍ਹਿਆ :

“ਜਿਸ ਨੇ ਸਾਨੂੰ ਨਵੇਂ ਨੇਮ ਦੇ ਸੇਵਕ ਹੋਣ ਦੇ ਜੋਗ ਵੀ ਬਣਾਇਆ, ਪਰ ਲਿਖਤ ਦੇ ਸੇਵਕ ਨਹੀ,ਂ ਸਗੋਂ ਆਤਮਾ ਦੇ, ਕਿਉਂ ਜੋ ਲਿਖਤ ਮਾਰ ਸੁੱਟਦੀ ਹੈ, ਪਰ ਆਤਮਾ ਜੁਆਲਦਾ ਹੈ। ਪ੍ਰੰਤੂ ਜੇ ਮੌਤ ਦੀ ਸੇਵਕਾਈ, ਜਿਹੜੀ ਅੱਖਰਾਂ ਨਾਲ ਅਤੇ ਪੱਥਰਾਂ ਉੱਤੇ ਉੱਕਰੀ ਹੋਈ ਸੀ, ਐਨੇ ਤੇਜ ਨਾਲ ਹੋਈ, ਭਈ ਮੂਸਾ ਦੇ ਮੁੱਖ ਦੇ ਤੇਜ ਦੇ ਕਾਰਨ, ਜੋ ਭਾਵੇਂ ਅਲੋਪ ਹੋਣ ਵਾਲਾ ਸੀ, ਇਸਰਾਏਲ ਦਾ ਵੰਸ, ਉਸ ਦੇ ਮੁੱਖ ਵੱਲ ਤੱਕ ਨਾ ਸੱਕਿਆ, ਤਾਂ ਆਤਮਾ ਦੀ ਸੇਵਕਾਈ ਏਦੂੰ ਵਧ ਕੇ ਤੇ ਲਾਲ ਕਿੱਕੁਰ ਨਾ ਹੋਵੇਗੀ? ਕਿਉਂਕਿ ਜੇ ਦੋਸ਼ੀ ਠਹਿਰਾਉਣ ਦੀ ਸੇਵਕਾਈ ਤੇਜ ਰੂਪ ਹੈ, ਤਾਂ ਧਰਮ ਦੀ ਸੇਵਕਾਈ ਬਹੁਤ

ਹੀ ਵੱਧ ਕੇ ਤੇਜ ਨਾਲ ਹੋਵੇਗੀ। ਉਹ ਜੋ ਤੇਜਵਾਨ ਕੀਤੀ ਹੋਈ ਸੀ, ਸੋ ਵੀ ਇਸ ਲੇਖੇ ਅਰਥਾਤ ਇਸ ਅੱਤ ਵੱਡੇ ਤੇਜ ਦੇ ਕਾਰਨ ਤੇਜਵਾਨ ਨਾ ਰਹੀ।"

ਵਿਕਟਰ ਅਤੇ ਲੋਰੀ ਨੇ ਘਰ ਵਾਪਸ ਆਉਣ ਤੋਂ ਬਾਅਦ, ਉਨ੍ਹਾਂ ਨੇ ਉਸ ਲਿਖਤੀ ਚਾਰਟ ਦਾ ਅਧਿਐਨ ਕੀਤਾ ਜੋ ਟੀਨੋ ਨੇ ਉਨ੍ਹਾਂ ਲਈ ਤਿਆਰ ਕੀਤਾ ਸੀ। ਇਸ ਵਿੱਚ ਪੁਰਾਣੇ ਨੇਮ ਦੀਆਂ ਸ਼ਰਤਾਂ ਵਿਚਕਾਰ ਅਤੇ ਨਵੇਂ ਨੇਮ ਵਿੱਚੋਂ ਬਹੁਤ ਸਾਰੇ ਮੂਲ ਅੰਤਰ ਸਨ, ਪਰ ਬਹੁਤ ਵੱਖਰੀ ਸਮਗਰੀ।

ਪੁਰਾਣੀ ਅਤੇ ਨਵੀਂ ਬਿਵਸਥਾ (ਨੇਮ) ਦੀ ਤੁਲਨਾ

ਸਲੀਬ ਨੇ ਸਾਰੇ ਇਤਿਹਾਸ ਨੂੰ ਵੰਡ ਦਿੱਤਾ। ਕਿਉਂਕਿ ਮਸੀਹ ਮਰਿਆ ਅਤੇ ਜੀ ਉੱਠਿਆ, ਪਰਮੇਸ਼ੁਰ ਹੁਣ ਨਹੀਂ ਚਾਹੁੰਦਾ ਕਿ ਅਸੀਂ ਨਿਯਮਾਂ ਨਾਲ ਜੀਉਣ ਦੀ ਕੋਸ਼ਿਸ਼ ਕਰੀਏ ਜੋ ਉਸਨੇ ਪੁਰਾਤਨ ਇਸਰਾਏਲ ਨੂੰ ਦਿੱਤੇ ਸਨ, ਪਰ ਉਹ ਚਾਹੁੰਦਾ ਹੈ ਕਿ ਅਸੀਂ ਪਵਿੱਤਰ ਆਤਮਾ ਦੀ ਸ਼ਕਤੀ ਨਾਲ, ਜੀਵਨ ਬਤੀਤ ਕਰੀਏ। ਇਹ ਚਾਰਟ ਪੁਰਾਣੇ ਨੇਮ ਵਿੱਚ, ਉਨ੍ਹਾਂ ਅੰਤਰਾਂ ਨੂੰ, ਜੋ ਬਿਵਸਥਾ ਤੇ ਕੇਂਦਰਿਤ ਸਨ, ਅਤੇ ਨਵੇਂ ਨੇਮ ਦੇ ਅੰਤਰ, ਜੋ ਕਿਰਪਾ ਤੇ ਕੇਂਦਰਿਤ ਸਨ, ਉਨ੍ਹਾਂ ਨੂੰ ਵਿਖਾਉਂਦਾ ਹੈ। ਯੂਹੰਨਾ 1:17 ਦੱਸਦੀ ਹੈ, ''ਤੁਰੇਤ ਤਾਂ ਮੂਸਾ ਦੇ ਰਾਹੀਂ ਦਿੱਤੀ ਗਈ ਸੀ, ਪਰ ਕਿਰਪਾ ਅਤੇ ਸਚਿਆਈ ਯਿਸੂ ਮਸੀਹ ਤੋਂ ਪਹੁੰਚੀ।''

## ਪੁਰਾਣੀ ਦੇ ਨਵੀਂ ਬਿਵਸਥਾ (ਨੇਮ) ਦੀ ਤੁਲਨਾ

ਸਲੀਬ ਨੇ ਸਾਰੇ ਇਤਿਹਾਸ ਨੂੰ ਵੰਡ ਦਿੱਤਾ। ਕਿਉਂਕਿ ਮਸੀਹ ਮਰਿਆ ਅਤੇ ਜੀ ਉੱਠਿਆ, ਪਰਮੇਸ਼ੁਰ ਹੁਣ ਨਹੀਂ ਚਾਹੁੰਦਾ ਕਿ ਅਸੀਂ ਨਿਯਮਾਂ ਨਾਲ ਜੀਉਣ ਦੀ ਕੋਸ਼ਿਸ਼ ਕਰੀਏ ਜੋ ਉਸਨੇ ਪੁਰਾਤਨ ਇਸਰਾਏਲ ਨੂੰ ਦਿੱਤੇ ਸਨ, ਪਰ ਉਹ ਚਾਹੁੰਦਾ ਹੈ ਕਿ ਅਸੀਂ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਜੀਵਨ ਬਤੀਤ ਕਰੀਏ। ਇਹ ਚਾਟ ਪੁਰਾਣੇ ਨੇਮ ਵਿੱਚ ਉਨ੍ਹਾਂ ਅੰਤਰਾਂ ਨੂੰ ਜੋ ਬਿਵਸਥਾ ਤੇ ਕੇਂਦਰਿਤ ਸਨ, ਅਤੇ ਨਵੇਂ ਨੇਮ ਦੇ ਅੰਤਰ ਜੋ ਕਿਰਪਾ ਤੇ ਕੇਂਦਰਿਤ ਸਨ ਉਨ੍ਹਾਂ ਨੂੰ ਵਿਖਾਉਂਦਾ ਹੈ। ਯੂਹੰਨਾ 1:17 ਦੱਸਦੀ ਹੈ, ''ਤੁਰੇਤ ਤਾਂ ਮੂਸਾ ਦੇ ਰਾਹੀਂ ਦਿੱਤੀ ਗਈ ਸੀ, ਕਿਰਪਾ ਅਤੇ ਸਚਿਆਈ ਯਿਸੂ ਮਸੀਹ ਤੋਂ ਪਹੁੰਚੀ।''

| ਪੁਰਾਣਾ ਨੇਮ | | ਨਵਾਂ ਨੇਮ |
|---|---|---|
| (ਬਿਵਸਥਾ) | > | (ਕਿਰਪਾ) |
| ਆਰਜ਼ੀ, ਯਿਰਮਿਯਾਹ 31:31,32; ਇਬਰਾਨੀਆਂ 8:13 | **ਸਮਾਂ** | ਸਦੀਪਕ, ਇਬਰਾਨੀਆਂ 9:15;10: 10-14 |
| ਜਾਨਵਰਾਂ ਦੀਆਂ ਕੁਰਬਾਨੀਆਂ ਆਰਜ਼ੀ ਮੁੱਲ ਦੀਆਂ ਸਨ, ਇਬਰਾਨੀਆਂ 9:6-10; 10:1-4,8 | **ਮਾਫ਼ੀ ਦਾ ਸਾਧਨ** | ਯਿਸੂ ਦੀ ਇੱਕ ਕੁਰਬਾਨੀ ਹਮੇਸ਼ਾ ਲਈ, ਇਬਰਾਨੀਆਂ 9:10-11; 10:9-10 |
| ਦੁਨਿਆਵੀ, ਸੰਸਾਰਿਕ, ਆਰਜੀ, ਬਿਵਸਥਾ ਸਾਰ 30:15-20 15 | **ਇਨਾਮ, ਸਜ਼ਾ** | ਆਤਮਿਕ, ਸਵਰਗੀ, ਸਦੀਪਕ, ਅਫ਼ਸੀਆਂ 1:3; ਯੂਹੰਨਾ 3:16 ; ਪਰਕਾਸ਼ ਦੀ ਪੋਥੀ 20:13- |
| ਪਰਮੇਸ਼ੁਰ ਦੇ ਲੋਕ ਸਮੁੰਦਰ ਰਾਹੀਂ ਉੱਠਾਂਗੇ ਗੁਲਾਮੀ ਤੋਂ ਬਚੇ, ਕੂਚ 14 | **ਸਭ ਤੋਂ ਵੱਡਾ ਚਮਤਕਾਰ** | ਯਿਸੂ ਦਾ ਜੀਅ ਉੱਠਣਾ; ਅਸੀਂ ਉਸ ਨਾਲ ਜੀਅ ਦੁਆਰਾ ਮੌਤ ਤੋਂ ਬਚਦੇ ਹਾਂ, ਲੂਕਾ 24; ਰੋਮੀਆਂ 6:1-14; 1 ਕੁਰਿੰਥੀਆਂ 15 |
| ਸਰੀਰ ਦਾ ਖ਼ਤਨਾ, ਉਤਪਤ 17:10; ਬਿਵਸਥਾ ਸਾਰ 10:16 | **ਅਰੰਭ ਰਸਮ** | ਬਪਤਿਸਮਾ ('ਦਿਲ ਦਾ ਖ਼ਤਨਾ') ਮੱਤੀ 28:18-20; ਰੋਮੀਆਂ 2:29 |
| ਪਸਾਹ ਦਾ ਮੇਮਨਾ, ਕੂਚ 12:1-15 | **ਯਾਦਗਿਰੀ ਭੋਜਨ** | ਯਿਸੂ ਦਾ ਸਰੀਰ ਅਤੇ ਲਹੂ, ਲੂਕਾ 22:19-20; ਯੂਹੰਨਾ 6:25-68 |
| ਪੁਰਾਣੀ ਸ਼ਰਾ ਨੇ ਪਾਪ ਨੂੰ ਨੰਗਿਆਂ ਕੀਤਾ ਅਤੇ ਇਸਦੀ ਨਿੰਦਾ ਕੀਤੀ, ਰੋਮੀਆਂ 3:19-20 | **ਮਕਸਦ** | ਨਵੀਂ ਸ਼ਰਾ ਵਿੱਚ ਪਰਮੇਸ਼ੁਰ ਪਾਪ ਨੂੰ ਮਾਫ਼ ਕਰਦਾ ਹੈ ਅਤੇ ਅਜ਼ਾਦ ਕਰਦਾ ਹੈ, ਕੁਲੁੱਸੀਆਂ 2:11-17 |
| ਪਰਦੇ ਦੇ ਪਿੱਛੇ ਆਰਜ਼ੀ ਹੈਕਲ ਵਿੱਚ, ਕੂਚ 25:8-9, 26; 40;35; ਲੇਵੀਆਂ 16:2 | **ਪਰਮੇਸ਼ੁਰ ਦੀ ਹਜ਼ੂਰੀ** | ਪਵਿੱਤਰ ਆਤਮਾ ਸਦਾ ਲਈ ਸਾਡੇ ਵਿੱਚ ਵਾਸ ਕਰਦਾ ਹੈ, ਯੂਹੰਨਾ 14:16-17; 1 ਕੁਰਿੰਥੀਆਂ 3:16 |
| ਮੂਸਾ ਸ਼ਰਾ ਦਾ ਦੇਣ ਵਾਲਾ ਸੀ; | **ਸਭ ਤੋਂ ਮਹੱਤਵਪੂਰਨ** | ਯਿਸੂ ਕਿਰਪਾ ਅਤੇ ਸਚਿਆਈ ਲਿਆਇਆ, |

| | | |
|---|---|---|
| ਬਾਕੀ ਪੁਰਾਣੇ ਨਬੀਆਂ ਨੇ ਮੂਸਾ ਦੇ ਨਿਯਮਾਂ ਨੂੰ ਲਾਗੂ ਕੀਤਾ, ਯੂਹੰਨਾ 1:17; ਗਿਣਤੀ 12:6-8 | ਨਬੀ | ਯੂਹੰਨਾ 1:1, 14-17; ਰਸੂਲਾਂ ਦੇ ਕਰਤੱਬ 3:22-26; ਕੁਲੁੱ. 1:15; ਇਬਰਾਨੀਆਂ 1:1-4 |
| ਹਾਰੂਨ ਮਹਾਂ ਜਾਜਕ ਜਿਸਨੇ ਸੰਸਾਰ ਦੇ ਸਭ ਤੋਂ ਪਵਿੱਤਰ ਸਥਾਨ ਵਿੱਚ ਸੇਵਾ ਕੀਤੀ, ਲੇਵੀਆਂ 16:1-27 | ਸਭ ਤੋਂ ਮਹੱਤਵਪੂਰਨ ਜਾਜਕ | ਯਿਸੂ ਜਿਹੜਾ ਪਰਤਾਪ ਵਿੱਚ ਸਾਡੇ ਲਈ ਸਿਫਾਰਸ਼ ਕਰਦਾ ਹੈ, ਇਬਰਾਨੀਆਂ 4:14-16; 5:4-10; 9:1-14; ਯੂਹੰਨਾ 14:2-3 |
| ਦਾਊਦ ਨੇ ਕੌਮਾਂ ਤੇ ਫਤਹ ਪਾਈ, ਲੇਵੀਆਂ 20:23; 1 ਸਮੂ. 18:7;2 ਸਮੂ. 7:8-16; ਬਿਵਸਥਾ ਸਾਰ 20:16-18 | ਸਭ ਤੋਂ ਮਹੱਤਵਪੂਰਨ ਰਾਜਾ | ਯਿਸੂ ਚੁਣੀਆਂ ਹੋਈਆਂ ਸਾਰੀਆਂ ਕੌਮਾਂ ਦਾ ਮੁਖੀ ਹੈ, ਮੱਤੀ 28:18-20; ਰਸੂਲਾਂ ਦੇ ਕਰਤੱਬ 1:8; ਅਫ਼ਸੀਆਂ 5:23; ਪਰਕਾਸ਼ ਦੀ ਪੋਥੀ 19:15-16 |
| ਵਖਰੇਵਾਂ, ਹਿੰਸਕ ਜਿੱਤ, ਕੂਚ 6:6-7 ; 19:1-6; ਬਿਵਸਥਾ ਸਾਰ 2:31; 4:1-9 | ਦੂਜੇ ਦੇਸ਼ਾਂ ਨਾਲ ਸੌਦਾ ਕਰਨਾ | ਮੇਲ ਮਿਲਾਪ, ਸਭਨਾਂ ਨੇ ਚੇਲੇ ਬਣਨਾ ਹੈ, ਅਫ਼ਸੀਆਂ 1:4 ; 2:12-22; 3:1-6; ਕੁੱਲੁਸੀਆਂ 1:19-22; ਪਰਕਾਸ਼ ਦੀ ਪੋਥੀ 7:9 |
| ਪਰਮੇਸ਼ੁਰ ਨੂੰ ਵੇਖਣ ਅਤੇ ਲਾਗੇ ਜਾਣ ਦਾ ਮਤਲਬ ਸੀ ਮੌਤ, ਨਿਆਈਆਂ 3:22; ਕੂਚ 19:12; ਲੇਵੀਆਂ 10:1-2; | ਪਰਮੇਸ਼ੁਰ ਦੀ ਪਵਿੱਤਰਤਾ ਤੱਕ ਪਹੁੰਚ | ਯਿਸੂ ਦੀ ਧਾਰਮਿਕਤਾ ਸਾਨੂੰ ਦਿੱਤੀ ਗਈ ਹੈ, ਰੋਮੀਆਂ 5:18-19 ਯਸਾ. 6:1-7 |
| ਸਖ਼ਤ ਸਜ਼ਾ ਦੇ ਡਰ ਕਾਰਨ ਵਿਸਤਰਤ ਨਿਯਮਾਂ ਦੀ ਪਾਲਨਾ ਕਰਨਾ, ਬਿਵਸਥਾ ਸਾਰ 6:1-3; 28:15-26, ਕੂਚ 20:18-20 | ਵਤੀਰੇ ਦਾ ਅਧਾਰ | ਆਤਮਾ ਵਿੱਚ ਰਹਿਣਾ, ਪਿਆਰ ਨਾਲ ਆਗਿਆ ਪਾਲਨ ਕਰਨਾ, ਯੂਹੰਨਾ 14:15; ਰੋਮੀਆਂ 13:8-10; 2 ਕੁਰਿੰਥੀਆਂ 3:3-11; ਗਲਾਤੀਆਂ 5:5-6, ਮੱਤੀ 22:37-40 |
| ਹਫ਼ਤੇ ਦਾ ਸੱਤਵਾਂ ਦਿਨ, ਪੁਰਾਣੀ ਸਰਿਸ਼ਟੀ ਨੂੰ ਯਾਦ ਕਰਨਾ, ਕੂਚ 20:8-11 ; ਪਰਕਾਸ਼ ਦੀ ਪੋਥੀ 21:1; ਲੇਵੀਆਂ 25:1-7 | ਅਰਾਧਨਾ ਦਾ ਆਮ ਦਿਨ | ਰਸੂਲਾਂ ਦੇ ਕਰਤੱਬ ਵਿੱਚ ਕਲੀਸਿਯਾਵਾਂ ਹਫ਼ਤੇ ਦੇ ਪਹਿਲੇ ਦਿਨ ਮਿਲਦੀਆਂ ਸਨ, ਨਵੀਂ ਸਰਿਸ਼ਟੀ ਨੂੰ ਯਾਦ ਕਰਦੇ ਹੋਏ ਜੋ ਯਿਸੂ ਦੇ ਜੀ ਉੱਠਣ ਨਾਲ ਸ਼ੁਰੂ ਹੋਈ ਸੀ। ਫਿਰ ਵੀ ਪਰਮੇਸ਼ੁਰ ਸਾਨੂੰ ਕਿਸੇ ਵੀ ਦਿਨ ਇਕੱਠਿਆਂ ਹੋਣ ਦੀ ਅਜ਼ਾਦੀ ਦੇਂਦਾ ਹੈ। ਲੂਕਾ 24:1-7; ਰਸੂਲਾਂ ਦੇ ਕਰਤੱਬ 20:7 ; ਅਫ਼ਸੀਆਂ 2:6; ਇਬਰਾਨੀਆਂ 4:4-11; ਪਰਕਾਸ਼ ਦੀ ਪੋਥੀ 21:1-4 |
| ਜਾਨਵਰਾਂ ਦੀਆਂ ਕੁਰਬਾਨੀਆਂ ਅਤੇ ਤਿਉਹਾਰ ਲੇਵੀਆਂ 1-7 ਅਤੇ 23 ਅਧਿਆਏ | ਅਰਾਧਨਾ ਦੇ ਢੰਗ | ਅਸੀਂ ਆਤਮਾ ਅਤੇ ਸੱਚਾਈ ਨਾਲ ਅਰਾਧਨਾ ਕਰਦੇ ਹਾਂ, ਅਤੇ ਵਿਸ਼ਵਾਸੀਆਂ ਨਾਲ ਰੋਟੀ ਤੋੜਦੇ ਹਾਂ, ਯੂਹੰਨਾ 4:24; ਰਸੂਲਾਂ ਦੇ ਕਰਤੱਬ 4:42 |
| ਸਵੈਂ-ਜਤਨ ਅਤੇ ਖ਼ਾਸ ਨਿਯਮ, ਲੇਵੀਆਂ 11; ਯਸਾਯਾਹ 55:7 | ਪਵਿੱਤਰਤਾ | ਸਾਡੇ ਦੁਬਾਰਾ ਆਤਮਕ ਜਨਮ ਅਤੇ ਬਦਲਾਓ ਦੁਆਰਾ ਅਸੀਂ ਆਤਮਾ ਦੇ ਫਲ ਦਾ ਅਨੰਦ ਮਾਣਦੇ ਹਾਂ, ਰੋਮੀਆਂ 14:1-9, 17; 1 ਪਤਰਸ 1:3 ; 1 ਤਿਮੋਥਿਉਸ 4:3-5 |
| ਦਸ ਹੁਕਮ, ਕੂਚ 20:1-17 | ਮੂਲ ਸ਼ਰਤ | ਪਸਚਾਤਾਪੀ ਪਾਪੀ ਦੀ ਯਿਸੂ ਵਿੱਚ ਨਿਹਚਾ, ਯੂਹੰਨਾ 3:16; ਲੂਕਾ 24:44-49 |
| ਖ਼ਾਸ ਨਿਯਮ ਜੀਵਨ ਦੇ ਸਾਰੇ ਪਹਿਲੂਆਂ ਤੇ ਹੁਕਮ ਚਲਾਉਂਦੇ ਸਨ, ਕੂਚ 18:20; 24:3 | ਮਾਰਗ ਦਰਸ਼ਨ | ਪਰਮੇਸ਼ੁਰ ਦਾ ਪਵਿੱਤਰ ਆਤਮਾ ਸਾਨੂੰ ਰੋਸ਼ਨ ਕਰਦਾ ਹੈ, ਅਫ਼ਸੀਆਂ 1:17-20 ; ਯੂਹੰਨਾ 14:26; ਰੋਮੀਆਂ 8:1-27 |
| ਨਿਯਮ ਅਤੇ ਦਰਸ਼ਣ ਦੂਤਾਂ ਦੇ ਵਸੀਲੇ ਆਉਂਦੇ ਸਨ, ਗਿਣਤੀ 12:6 ; ਬਿਵਸਥਾ ਸਾਰ 31:9 | ਮੁੱਖ ਪਰਕਾਸ਼ | ਪਰਮੇਸ਼ੁਰ ਸਰੀਰ, ਜਿੰਦਾ ਵਚਨ ਬਣਿਆ, ਯੂਹੰਨਾ 1:1-3 ; ਇਬਰਾਨੀਆਂ 1:1-3; 2:2-4. |

| | | |
|---|---|---|
| ਮਸੀਹ ਲਈ ਤਿਆਰੀ ਕਰੋ, ਗਲਾਤੀਆਂ 3:23-26 | **ਸਿੱਖਿਆ ਦਾ ਮਕਸਦ** | ਬਦਲੋ, ਕਲੀਸਿਯਾ ਨੂੰ ਉਤਸਾਹਿਤ ਕਰੋ ਅਤੇ ਵਿਸ਼ਵਾਸੀਆਂ ਨੂੰ ਸੇਵਕਾਈਆਂ ਲਈ ਤਿਆਰ ਕਰੋ, ਰੋਮੀਆਂ 8:23, 28-30; ਅਫ਼ਸੀਆਂ 4:11-12 |
| ਨਿਆਈਆਂ ਦੇ ਤੌਰ ਤੇ ਕਠੋਰ ਸ਼ਾਸਨ, ਕੂਚ 18:24-26; ਮਰਕੁਸ 15:1; ਰਸੂਲਾਂ ਦੇ ਕਰਤੱਬ 15:10 | **ਬਜ਼ੁਰਗਾਂ ਦਾ ਸੰਚਾਲਨ** | ਚਰਵਾਹਿਆਂ ਦੇ ਤੌਰ ਤੇ ਨਰਮਾਈ ਨਾਲ ਸੇਵਾ ਕਰੋ, ਤੀਤੁਸ 1:5-9; 1 ਪਤਰਸ 5:1-4; ਮੱਤੀ 20:25-28 |
| ਦਸਵੰਧ ਦਿੱਤਾ (ਆਮਦਨ ਦਾ 1/10 ਹਿੱਸਾ) ਬਿਵਸਥਾ ਸਾਰ 12:11 | **ਦਾਨ ਦੇਣ ਦਾ ਢੰਗ** | ਖੁਸ਼ੀ ਨਾਲ ਦੇਣਾ, ਜਿਵੇਂ ਕਿਸੇ ਦਾ ਦਿਲ ਚਾਹੇ, 2 ਕੁਰਿੰਥੀਆਂ 9:7; 1 ਕੁਰਿੰਥੀਆਂ 16:2 |
| ਜ਼ਮੀਨ, ਮਨੁੱਖੀ ਰਿਸ਼ਤੇਦਾਰ ਦੁਆਰਾ ਬਚਾਈ ਗਈ, ਆਰਜ਼ੀ, ਉਤਪਤ 12:1-2; 17:1-8; ਬਿਵਸਥਾ ਸਾਰ 6:1-3; ਰੂਥ 4:13-17 | **ਉੱਤਰਾਧਿਕਾਰ** | ਸਦੀਪਕ ਧਨ, ਸਰਬ ਸ਼ਕਤੀਮਾਨ ਪਵਿੱਤਰ ਆਤਮਾ ਦੁਆਰਾ ਭਰੋਸਾ ਦਿੱਤਾ ਗਿਆ, ਉਤਪਤ 12:3; ਅਫ਼ਸੀਆਂ 1:3-14; ਇਬਰਾਨੀਆਂ 2:14-15; 1 ਪਤਰਸ 1:3-5 |

ਟੀਨੋ ਦੇ ਜਾਣ ਤੋਂ ਬਾਅਦ ਪਹਿਲੀ ਸਭਾ ਵਿੱਚ, ਵਿਕਟਰ ਆਪਣੇ ਅਤੇ ਟੀਨੋ ਦੇ ਸਮੂਹ ਦੇ ਕੁਝ ਪੁਰਾਣੇ ਮੈਂਬਰਾ ਨੂੰ ਵੇਖ ਕੇ ਹੈਰਾਨ ਸੀ, ਜਿਹੜੇ ਆਪਣੇ ਹੋਰਨਾਂ ਮਿੱਤਰਾਂ ਨਾਲ ਆਏ ਸਨ। ਉਹ ਆਰਥਰ ਦੇ ਸਮੂਹ ਵਿੱਚ ਸ਼ਾਮਲ ਹੋਏ ਸਨ। ਉਨ੍ਹਾਂ ਵਿੱਚੋਂ ਕੁਝ ਲੋਕ ਕਈ ਹਫ਼ਤਿਆਂ ਤੱਕ ਟੀਨੋ ਦੇ ਸਮੂਹ ਵਿੱਚ ਨਹੀਂ ਆਏ ਸਨ।

ਆਰਥਰ ਨੇ ਸੂਚਨਾ ਦਿੱਤੀ, ''ਅਸੀਂ ਇੱਕ ਵਪਾਰਕ ਸਭਾ ਕਰਨ ਜਾ ਰਹੇ ਹਾਂ,'' ''ਅਸੀਂ ਹੁਣ ਇਸ ਸਮੂਹ ਲਈ ਇੱਕ ਨਵਾਂ ਆਗੂ ਚੁਣਾਂਗੇ। ਸਾਨੂੰ ਟੀਨੋ ਦੀ ਅਗਵਾਈ ਅਧੀਨ ਬਹੁਤ ਪਰੇਸ਼ਾਨੀ ਸੀ। ਇਸੇ ਕਰਕੇ ਮੈਨੂੰ ਇੱਕ ਨਵਾਂ ਸਮੂਹ ਸ਼ੁਰੂ ਕਰਨਾ ਪਿਆ ਸੀ।ਹੁਣ ਮੈਂ ਇਸਨੂੰ ਇਸ ਸਮੂਹ ਨਾਲ ਮਿਲਾਉਣ ਜਾ ਰਿਹਾ ਹਾਂ।

ਉਨ੍ਹਾਂ ਮਨੁੱਖਾਂ ਵਿੱਚੋਂ ਇੱਕ ਜਿਹੜਾ ਆਰਥਰ ਨਾਲ ਆਇਆਂ ਸੀ ਬੋਲਿਆਂ। ''ਮੇਰਾ ਨਾਂ ਸ਼ਾਜੀ ਹੈ। ਮੈਂ ਹੁਣ ਇਸ ਸਮੂਹ ਦਾ ਹਾਂ। ਮੈਂ ਸੁਣਿਆਂ ਕਿ ਕਿਵੇਂ ਟੀਨੋ ਨੇ ਅਨੁਸ਼ਾਸਨ ਤੋਂ ਬਿਨ੍ਹਾਂ, ਇਸ ਸਮੂਹ ਦੀ ਅਗਵਾਈ ਕੀਤੀ। ਉਸਨੇ ਵਿਕਟਰ ਵਰਗੇ ਨਵੇਂ ਵਿਸ਼ਵਾਸ਼ੀਆਂ ਨੂੰ ਜੋ ਚਾਹਿਆ ਕਰਨ ਦਿੱਤਾ। ਅਸੀਂ ਸੇਵਾ ਕਰਨ ਦੇ, ਪਰਮੇਸ਼ੁਰ ਦੇ ਸੱਚੇ ਰਾਹ ਨੂੰ ਬਹਾਲ ਕਰਨਾ ਚਾਹੁੰਦੇ ਹਾਂ। ਮੈਂ ਆਰਥਰ ਨੂੰ, ਆਪਣਾ ਨਵਾਂ ਆਗੂ ਬਣਨ ਲਈ ਨਿਯੁਕਤ ਕਰਦਾ ਹਾਂ,''

ਲੋਰੀ ਨੇ ਵਿਕਟਰ ਦੇ ਕੰਨ ਵਿੱਚ ਕਿਹਾ, ''ਉਹ ਮੈਨੂੰ ਡੱਡੂ ਦੀ ਯਾਦ ਦਿਵਾਉਦਾਂ ਹੈ।''

ਵਿਕਟਰ ਹੱਸਿਆ। ਉਸਨੇ ਧਿਆਨ ਨਾਲ ਵੇਖਿਆ ਕਿ ਸ਼ਾਜੀ ਦਾ ਮੂੰਹ ਬਹੁਤ ਚੌੜਾ ਸੀ। ਉਸਦੀ ਅਵਾਜ਼ ਵੀ ਡੱਡੂ ਵਰਗੀ ਜਾਪਦੀ ਸੀ।

''ਸ੍ਰੀਮਾਨ!'' ਇਸਮਾਏਲ ਦ੍ਰਿੜਤਾ ਨਾਲ ਬੋਲਿਆ। ''ਅਸੀਂ ਤੁਹਾਨੂੰ ਨਹੀਂ ਜਾਣਦੇ। ਨਾਲੇ ਮੈਂ ਇਸ ਚੋਣ ਵਿੱਚ ਭਾਗ ਲੈਣ ਤੋਂ ਵੀ ਇਨਕਾਰ ਕਰਦਾ ਹਾਂ, ਜਦ ਕਿ ਸਾਡਾ ਆਗੂ ਟੀਨੋ ਇੱਥੇ ਮੌਜੂਦ ਨਹੀਂ ਹੈ।

ਆਰਥਰ ਦੀਆਂ ਅੱਖਾਂ ਹੋਰ ਵੀ ਚੌੜੀਆਂ ਹੋ ਗਈਆਂ। ਉਸਨੇ ਜੀਭ ਨਾਲ ਆਪਣੇ ਬੁੱਲ੍ਹਾਂ ਨੂੰ ਚੱਟਿਆ ਅਤੇ ਫਿਰ ਗੱਲ ਟੋਕੀ, ''ਇਸ਼ਮਾਏਲ ਮੈਂ ਸੋਚਦਾਂ ਸੀ ਕਿ ਮੈਨੂੰ ਤੇਰਾ ਸਮਰਥਨ ਮਿਲੇਗਾ। ਹਾਂ!''

ਇਸ਼ਮਾਏਲ ਨੇ ਜਵਾਬ ਦਿੱਤਾ, ਆਰਥਰ ''ਮੈਂ ਜਾਣਦਾ ਹਾਂ, ਤੂੰ ਕੀ ਕਰਨਾ ਚਾਹੁੰਦਾ ਹੈਂ।'' ਤੂੰ ਅਤੇ ਮੈਂ ਹੀ ਉਹ ਯੋਜਨਾਵਾਂ ਬਣਾਈਆਂ ਸਨ। ਤਦ ਮੈਂ ਤੇਰੇ ਨਾਲ ਸਹਿਮਤ ਸੀ। ਤੂੰ ਸਾਡੇ ਸਾਰੇ ਸਮੂਹ ਨੂੰ ਕਾਬੂ ਕਰਨਾ ਚਾਹੁੰਦਾ ਹੈ। ਤੂੰ ਵਿਸ਼ਵਾਸ਼ੀਆਂ ਨੂੰ ਕਸੂਰਵਾਰ ਮਹਿਸੂਸ ਕਰਵਾਉਂਦਾ ਹੈਂ, ਜੇਕਰ ਉਹ ਧਾਰਮਿਕ ਕੰਮ ਨਾ ਕਰਨ, ਜਿਨ੍ਹਾਂ ਦੀ ਤੂੰ ਮੰਗ ਕਰਦਾ ਹੈ। ਤੂੰ ਉਨ੍ਹਾਂ ਨੂੰ ਡਰਾਉਂਦਾ ਹੈਂ ਕਿ ਜੇਕਰ ਉਹ ਤੇਰੀ ਇੱਛਾ ਅੱਗੇ ਸਮਰਪਿਤ ਨਹੀਂ ਹੋਣਗੇ ਤਾਂ ਪਰਮੇਸ਼ੁਰ ਉਨ੍ਹਾਂ ਨੂੰ ਸਜ਼ਾ ਦੇਵੇਗਾ। ਤੂੰ ਅਪਰਾਧ ਵਿੱਚੋਂ ਉਨ੍ਹਾਂ ਕੋਲੋਂ ਪੈਸਾ ਦਿਵਾਉਂਦਾ ਹੈਂ। ਤੂੰ ਜੋ ਚਾਹੁੰਦਾ ਹੈਂ, ਲੋਕਾਂ ਕੋਲੋਂ ਕਰਵਾਉਣ ਲਈ ਡਰ ਦਾ ਦੁਰਉਪਯੋਗ ਕਰਦਾ ਹੈਂ। ਤੂੰ ਇਸ ਤਰ੍ਹਾਂ ਕਰਨਾ, ਮੇਰੇ ਕੋਲੋਂ ਸਿੱਖਿਆ ਹੈ। ''ਉਹ ਰੁਕਿਆ ਅਤੇ ਆਪਣੀਆਂ ਅੱਖਾਂ ਵਿੱਚੋਂ ਹੰਝੂ ਪੂੰਝੇ।'' ਮੈਨੂੰ ਹੁਣ ਉਨ੍ਹਾਂ ਗੱਲਾਂ ਦੀ ਬਹੁਤ ਸ਼ਰਮਿੰਦਗੀ ਹੁੰਦੀ ਹੈ।''

''ਕੀ ...ਤੈਨੂੰ ਕੀ ਹੋਇਆ ਹੈ?'' ਆਰਥਰ ਆਪਣਾ ਮੂੰਹ ਖੋਲ੍ਹਣ ਅਤੇ ਬੰਦ ਕਰਨ ਵਿੱਚ ਥੱਥਲਾਇਆ।

''ਇਸ਼ਮਾਏਲ ਨੇ ਉੱਤਰ ਦਿੱਤਾ, ''ਮੈਂ ਪਰਮੇਸ਼ੁਰ ਦੀ ਕਿਰਪਾ ਦੀ ਨਦੀ ਵਿੱਚੋਂ ਪੀਤਾ।'' ''ਸਰਬ ਸ਼ਕਤੀਮਾਨ ਪਰਮੇਸ਼ੁਰ ਨੇ ਮੇਰੀ ਆਤਮਾ ਨੂੰ ਨਵਾਂ ਕੀਤਾ ਹੈ। ਆਰਥਰ ਹੁਣ ਮੈਂ ਤੇਰੀਆਂ ਇੱਛਾਵਾਂ ਦਾ ਭਾਗੀ ਨਹੀਂ ਹਾਂ। ਪਰਮੇਸ਼ੁਰ ਨੇ ਆਪਣੀ ਕਿਰਪਾ ਦੁਆਰਾ ਮੇਰੇ ਵਪਾਰ ਨੂੰ ਅੱਗ ਨਾਲ ਤਬਾਹ ਕਰ ਦਿੱਤਾ। ਉਸਨੇ ਮੈਨੂੰ ਸਿਰਫ ਪੈਸੇ ਅਤੇ ਲੋਕਾਂ ਤੇ ਕਾਬੂ ਪਾਉਣ ਦੀ ਸੋਚ ਤੋਂ ਰੋਕਣ ਲਈ ਮਜ਼ਬੂਰ ਕੀਤਾ। ਮੈਂ ਅੱਗ ਲਈ ਪਰਮੇਸ਼ੁਰ ਦਾ ਧੰਨਵਾਦ ਕੀਤਾ! ਹੁਣ ਮੈਂ ਆਪਣੇ ਪ੍ਰਭੂ ਯਿਸੂ ਮਸੀਹ ਦੀ ਸੇਵਾ ਕਰ ਸਕਦਾ ਹਾਂ। ਮੈਂ ਉਸਨੂੰ ਆਪਣੇ ਪੂਰੇ ਦਿਲ ਅਤੇ ਜਾਨ ਨਾਲ ਪਿਆਰ ਕਰਦਾ ਹਾਂ!''

ਸ਼ਾਜੀ ਬੁੜਬੜਾਇਆ, ''ਇਸ ਕਮਰੇ ਵਿੱਚ ਦੁਸ਼ਟ ਆਤਮਾਵਾਂ ਹਨ!''

ਇਸ਼ਮਾਏਲ ਨੇ ਗੱਲ ਜਾਰੀ ਰੱਖੀ, ''ਆਰਥਰ, ਮੈਨੂੰ ਪਤਾ ਹੈ, ਕਿਉਂ ਤੂੰ ਇੱਥੇ ਆਇਆ ਹੈਂ। ਲਗਭਗ ਸਾਰੇ ਵਿਸ਼ਵਾਸੀ ਜਿਹੜੇ ਤੇਰੇ ਨਵੇਂ ਸਮੂਹ ਵਿੱਚ ਸ਼ਾਮਲ ਹੋਏ ਸਨ, ਆਪਣੇ ਆਪਣੇ ਅਸਲ ਸਮੂਹਾਂ ਵਿੱਚ ਵਾਪਸ ਚਲੇ ਗਏ ਹਨ। ਉਨ੍ਹਾਂ ਲੱਭਿਆ

ਹੈ ਕਿ ਤੂੰ ਬਘਿਆੜ ਹੈਂ। ਉਨ੍ਹਾਂ ਤੈਨੂੰ ਪਰਮੇਸ਼ੁਰ ਦੇ ਲੋਕਾਂ ਵਿੱਚ ਵੰਡ ਪਾਉਂਦੇ ਅਤੇ ਉਨ੍ਹਾਂ ਦੇ ਮਨਾਂ ਤੇ ਕਾਬੂ ਪਾਉਣ ਲਈ ਆਲੋਚਨਾ ਫੈਲਾਉਂਦੇ ਵੇਖਿਆ ਹੈ। ਤੂੰ ਆਪਣੇ ਝੁੰਡ ਤੇ ਕਾਬੂ ਗੁਆ ਚੁੱਕਾ ਹੈਂ, ਇਸ ਲਈ ਹੁਣ ਤੂੰ ਸਾਡੇ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈਂ। ਭੇਡਾਂ ਨੇ ਵੇਖਿਆ ਕਿ ਤੂੰ ਉਨ੍ਹਾਂ ਨੂੰ ਪਿਆਰ ਨਹੀਂ ਕਰਦਾ ਸੀ। ਤੂੰ ਉਨ੍ਹਾਂ ਨੂੰ ਸਿਰਫ, ਸਾਡੇ ਸਭਨਾਂ ਦੇ ਸਮੂਹਾਂ ਤੇ ਕਾਬੂ ਪਾਉਣ ਦੀ ਆਪਣੀ ਯੋਜਨਾ ਦੇ ਸਮਰਥਨ ਲਈ ਇਸਤੇਮਾਲ ਕੀਤਾ ਹੈ।''

ਆਰਥਰ ਨੇ ਰੋਕਿਆ, ''ਹਾਇ ਤੁਹਾਡੇ ਉੱਤੇ!'' ''ਹਾਂ! ਹਾਇ ਤੁਹਾਡੇ ਉੱਤੇ! ਤੁਹਾਨੂੰ ਇਹੋ ਜਿਹੀ ਬੁਰਾਈ ਨਹੀਂ ਬੋਲਣੀ ਚਾਹੀਦੀ! ਹਾਂ! ਇਸ਼ਮਾਏਲ ਅੱਗ ਲੱਗਣ ਦੇ ਸਦਮੇ ਨੇ, ਤੈਨੂੰ ਜਜਬਾਤੀ ਤੌਰ ਤੇ ਅਸਥਿਰ ਕਰ ਦਿੱਤਾ ਹੈ!

''ਦੁਸ਼ਟ ਆਤਮਾਓ!'' ਸ਼ਾਜੀ ਨੇ ਉਤਾਂਹ ਨੂੰ ਹਲੂਣਾ ਮਾਰ ਕੇ ਜੋਰ ਨਾਲ ਕਿਹਾ। ''ਪਵਿੱਤਰ ਆਤਮਾ ਨੇ ਦੁਸ਼ਟ ਆਤਮਾਵਾਂ ਨੂੰ ਵੇਖਣ ਲਈ ਮੇਰੀਆਂ ਅੱਖਾਂ ਨੂੰ ਖੋਲ੍ਹਿਆ ਹੈ। ਇਸ਼ਮਾਏਲ ਅਤੇ ਵਿਕਟਰ ਉਨ੍ਹਾਂ ਨੂੰ ਲੈ ਕੇ ਆਏ ਹਨ। ਸ਼ੈਤਾਨ, ਨਿਕਲ ਜਾਹ! ਦਫਾ ਹੋ ਜਾਹ! ਯਿਸੂ ਦੇ ਨਾਂ ਵਿੱਚ ਛੱਡ ਕੇ ਚਲਿਆ ਜਾਹ! ਮੈਂ ਤੈਨੂੰ ਝਿੜਕਦਾ ਹਾਂ! ਇਸੇ ਵੇਲੇ ਚਲਿਆ ਜਾਹ!'' ਉਸਨੇ ਉੱਪਰ ਥੱਲੇ ਉਛਲਦਿਆਂ ਆਪਣੀਆਂ ਬਾਹਾਂ ਨੂੰ ਹਵਾ ਵਿੱਚ ਲਹਿਰਾਇਆ। ਉਸਦਾ ਚਿਹਰਾ ਗੁੱਸੇ ਨਾਲ ਮਰੋੜਿਆ ਜਾ ਚੁੱਕਾ ਸੀ।

ਵਿਕਟਰ ਨੇ ਮਿੰਨਤ ਕੀਤੀ, ''ਸ਼ਾਜੀ, ਕਿਰਪਾ ਕਰਕੇ ਸ਼ਾਂਤ ਹੋ ਜਾਹ।''

ਅਚਾਨਕ ਸ਼ਾਜੀ ਨੇ ਅਜ਼ੀਬ ਅਵਾਜ਼ ਵਿੱਚ ਬੋਲਣਾ ਸ਼ੁਰੂ ਕੀਤਾ, ਜਿਹੜੀ ਹੋਰ ਵੀ ਡੱਡੂ ਦੀ ਅਵਾਜ ਵਾਗੂੰ ਜਾਪਦੀ ਸੀ, ''ਮੈਂ ਕੱਲ੍ਹ ਰਾਤ ਇਹ ਸੁਫ਼ਨਾ ਵੇਖਿਆ ਸੀ। ਇੱਕ ਰਸੂਲ ਅਤੇ ਇੱਕ ਨਬੀ ਦੇ ਸੁਫ਼ਨੇ ਨੂੰ ਸੁਣੋ! ਮੇਰੇ ਕਮਾਲ ਦੇ ਪਰਕਾਸ਼ ਨੂੰ ਸੁਣੋ! ਮੈਂ ਬਿਨ੍ਹਾਂ ਸੁੱਤੇ ਸਾਰੀ ਰਾਤ ਧਿਆਨ ਕੀਤਾ। ਸੱਤ ਦੁਸ਼ਟ ਆਤਮਾਵਾਂ ਨੇ ਅੱਗ ਤੇ ਤੇਲ ਸੁੱਟਿਆ, ਜਿਸਨੇ ਇਸ਼ਮਾਏਲ ਦੀ ਦੁਕਾਨ ਨੂੰ ਸਾੜ ਦਿੱਤਾ! ਟੀਨੋ, ਇਸ਼ਮਾਏਲ ਅਤੇ ਵਿਕਟਰ, ਉਨ੍ਹਾਂ ਦੁਸ਼ਟ ਆਤਮਾਵਾਂ ਵੱਲ ਭੱਜੇ। ਉਹ ਉਨ੍ਹਾਂ ਸਾਹਮਣੇ ਝੁਕੇ। ਜਦੋਂ ਅੱਗ ਬਲ ਰਹੀ ਸੀ, ਉਨ੍ਹਾਂ ਨੇ ਉਨ੍ਹਾਂ ਦੀ ਅਰਾਧਨਾ ਕੀਤੀ! ਫਿਰ ਦੁਸ਼ਟ ਆਤਮਾਵਾਂ ਨੇ ਉਨ੍ਹਾਂ ਤਿੰਨਾਂ ਧੋਖੇਬਾਜਾਂ ਨੂੰ ਧੂਹਿਆ ਅਤੇ ਅੱਗ ਵਿੱਚ ਸੁੱਟ ਦਿੱਤਾ!''

''ਇਹ ਕਾਫ਼ੀ ਹੈ!'' ਵਿਕਟਰ ਨੇ ਦਰਿੜ੍ਹਤਾ ਨਾਲ ਕਿਹਾ। ''ਸ਼ਾਜੀ ਅਸੀਂ ਇੱਥੇ ਸੁਫ਼ਨਿਆਂ ਦਾ ਪ੍ਰਚਾਰ ਨਹੀਂ ਕਰਦੇ, ਜਦ ਤੱਕ ਸੁਫ਼ਨਾ ਪਰਮੇਸ਼ੁਰ ਦੇ ਵਚਨ ਨਾਲ ਸਹਿਮਤ ਨਾ ਹੋਵੇ ਅਤੇ ਕਲੀਸਿਯਾ ਨੂੰ ਉਤਸਾਹ ਨਾ ਦੇਵੇ। ਤੂੰ ਜੋ ਕਿਹਾ ਹੈ, ਉਹ ਵਿਨਾਸ਼ਕਾਰੀ ਅਤੇ ਘਿਰਣਾਯੋਗ ਹੈ। ਅਤੇ, ਕਿਰਪਾ ਕਰਕੇ ਡੱਡੂ ਵਾਗੂੰ ਇੱਧਰ ਉੱਧਰ ਉਛਲਣਾ ਬੰਦ ਕਰ। ਇਹ ਹਰ ਇੱਕ ਦੇ ਧਿਆਨ ਨੂੰ ਹਟਾਉਂਦਾ ਹੈ।''

ਬਹੁਤ ਸਾਰੇ ਲੋਕ ਹੱਸ ਪਏ। ਉਹ ਚੁੱਪ ਹੋ ਗਿਆ ਅਤੇ ਵਿਕਟਰ ਨੇ ਗੱਲ ਨੂੰ ਜਾਰੀ ਰੱਖਿਆ, ''ਅਸੀਂ ਇੱਕ ਕ੍ਰਮ ਰੱਖਾਂਗਾ। ਅਸੀਂ ਇੱਥੇ ਅਰਾਧਨਾ ਕਰਨ ਅਤੇ ਪਰਮੇਸ਼ੁਰ ਦਾ ਵਚਨ ਸਿੱਖਣ ਲਈ ਆਏ ਹਾਂ।'' ਬਹੁਤ ਸਾਰੇ ਵਿਸ਼ਵਾਸੀਆਂ ਨੇ ਜਵਾਬ ਦਿੱਤਾ, ''ਆਮੀਨ!''

ਆਰਥਰ ਨੇ ਹੌਲੀ ਜਿਹੀ ਕਿਹਾ, ਵਿਕਟਰ ਤਰਤੀਬ ਬਰਕਰਾਰ ਰੱਖਣ ਲਈ ਤੇਰਾ ਧੰਨਵਾਦ। ''ਮੈਨੂੰ ਤਰਤੀਬ ਪਸੰਦ ਹੈ। ਹਾਂ। ਓਹ, ਸਹੀ ਹੈ! ਮੇਰੇ ਕੋਲ ਕਹਿਣ ਲਈ ਕੁੱਝ ਮਹੱਤਵਪੂਰਨ ਗੱਲ ਹੈ। ਸਾਨੂੰ ਆਪਣੇ ਸਮੂਹ ਵਿੱਚ ਉੱਤਮ ਨਿਯਮ ਦੀ ਲੋੜ ਹੈ। ਮੈਂ ਸੁਝਾਅ ਦੇਂਦਾ ਹਾਂ ਕਿ ਅਸੀਂ ਚਾਰ ਸਾਲਾਂ ਦੇ ਸਮੇਂ ਲਈ, ਸਿਰਫ ਦੋ ਬਜੁਰਗਾਂ ਨੂੰ ਇਨ੍ਹਾਂ ਸਮੂਹਾਂ ਦੇ ਆਗੂਆਂ ਦੇ ਰੂਪ ਵਿੱਚ ਚੁਣੀਏ। ਹਾਂ। ਉਹ ਟੀਨੋ ਅਤੇ ਹੋਰ ਬਜ਼ੁਰਗਾਂ ਦਾ ਸਥਾਨ ਲੈਣਗੇ, ਜਿਹੜੇ ਉਸਦੀ ਮਦਦ ਕਰ ਰਹੇ ਸਨ। ਉਹ ਕ੍ਰਮ ਨੂੰ ਬਰਕਰਾਰ ਰੱਖਣ ਵਿੱਚ ਅਸਫ਼ਲ ਹੋਏ ਹਨ।'' ਸ਼ਾਜੀ ਨੇ ਚਿਲਾ ਕੇ ਕਿਹਾ, ''ਮੈਨੂੰ ਇਹ ਸੁਝਾਅ ਮੰਨਜ਼ੂਰ ਹੈ!''

''ਵਿਕਟਰ ਨੇ ਵਿਰੋਧ ਕੀਤਾ, ''ਇਹ ਲੋਕਰਾਜੀ ਹੋ ਸਕਦਾ ਹੈ।'' ''ਪਰ ਕੁਝ ਵੀ ਹੋਵੇ, ਅਜਿਹੇ ਨਿਯਮ ਆਤਮਾ ਵਿੱਚ ਸਾਡੀ ਅਜ਼ਾਦੀ ਨੂੰ ਤਬਾਹ ਕਰ ਦੇਂਦੇ ਹਨ। ਮੈਨੂੰ ਦੱਸ ਲੈਣ ਦਿਓ। ਕੀ ਹੋਵੇਗਾ, ਜੇਕਰ ਪਵਿੱਤਰ ਆਤਮਾ ਤਿੰਨ ਤੋਂ ਵੱਧ ਲੋਕਾਂ ਨੂੰ ਰਖਵਾਲੀ ਕਰਨ ਲਈ ਪਾਸਟਰੀ ਵਰਦਾਨ ਦੇਂਦਾ ਹੈ? ਤੁਹਾਡਾ ਨਿਯਮ ਦੋ ਵਿੱਚ ਸੀਮਿਤ ਹੋ ਜਾਵੇਗਾ। ਕੀ ਦੂਜੇ ਵਿਸ਼ਵਾਸੀਆਂ ਦੀ ਰਖਵਾਲੀ ਕਰਨ ਦਾ, ਪਰਮੇਸ਼ੁਰ ਦਾ ਆਤਮਿਕ ਵਰਦਾਨ ਸਿਰਫ ਦੋ ਸਾਲ ਤੱਕ ਹੀ ਰਹੇਗਾ? ਕੀ ਫਿਰ ਉਹ ਇਸ ਨੂੰ ਵਾਪਸ ਲੈ ਲਵੇਗਾ? ਅਜਿਹੇ ਮਨੁੱਖ ਦੁਆਰਾ ਬਣਾਏ ਹੋਏ ਨਿਯਮ, ਲੋਕਾਂ ਨੂੰ ਅਗਵਾਈ ਦੇ ਅਜਿਹੇ ਅਹੁੱਦੇ ਤੇ ਬੈਠਾ ਦੇਣਗੇ, ਜਿਸ ਨਾਲ ਉਹ ਮਸੀਹ ਵਿੱਚ ਸਾਡੀ ਅਜ਼ਾਦੀ ਨੂੰ ਖੋਹ ਲੈਣਗੇ। ਅਸੀਂ ਹਰ ਇੱਕ ਵਿਅਕਤੀ ਨੂੰ ਰਖਵਾਲੀ ਕਰਨ ਵਾਲੇ ਬਜ਼ੁਰਗਾਂ ਦੀ ਤਰ੍ਹਾਂ ਸੇਵਾ ਕਰਨ ਦੀ ਅਜ਼ਾਦੀ ਦੇਣੀ ਹੈ, ਜੇਕਰ ਉਹ ਪਰਮੇਸ਼ੁਰ ਦੇ ਵਚਨ ਦੀਆਂ ਸ਼ਰਤਾਂ ਨੂੰ ਪੂਰਿਆਂ ਕਰਦੇ ਹਨ। ਅਸੀਂ ਪਰਮੇਸ਼ੁਰ ਦੀਆਂ ਸ਼ਰਤਾਂ ਨੂੰ ਮਨੁੱਖੀ ਨਿਯਮਾਂ ਦਾ ਸਥਾਨ ਦੇ ਕੇ ਰੱਦ ਨਹੀਂ ਕਰਾਂਗੇ। ਸਾਡੇ ਸਮੂਹਾਂ ਵਿੱਚ ਉਨ੍ਹਾਂ ਨੂੰ ਸਾਡੀਆਂ ਵਰਤਮਾਨ ਲੋੜਾਂ ਅਤੇ ਮੌਕਿਆਂ ਨੂੰ ਅਪਣਾਉਣ ਦੀ ਅਜ਼ਾਦੀ ਹੈ। 2 ਕੁਰਿੰਥੀਆਂ 3:17 ਸਾਨੂੰ ਇਸ ਦਾ ਭਰੋਸਾ ਦੇਂਦੀ ਹੈ, 'ਜਿੱਥੇ ਕਿਤੇ ਪ੍ਰਭੂ ਦਾ ਆਤਮਾ ਹੈ, ਉੱਥੇ ਹੀ ਅਜ਼ਾਦੀ ਹੈ।'

ਆਰਥਰ ਨੇ ਕਠੋਰਤਾ ਨਾਲ ਕਿਹਾ, ''ਤੂੰ ਟੀਨੋ ਵਰਗਾ ਜਾਪਦਾ ਹੈ!''

''ਮੈਨੂੰ ਵੀ ਇਸ ਤਰ੍ਹਾਂ ਦੀ ਉਮੀਦ ਹੈ! ਉਸਨੇ ਮੈਨੂੰ ਉਸਦੀ ਗੈਰ ਮੌਜੂਦਗੀ ਵੇਲੇ, ਉਸਦੇ ਸਮੂਹ ਦੀ ਅਗਵਾਈ ਕਰਨ ਲਈ ਕਿਹਾ ਹੈ ਅਤੇ ਮੈਂ ਇਸ ਤਰ੍ਹਾਂ ਹੀ ਕਰਾਂਗਾ। ਅਸੀਂ ਹੁਣ ਹੋਰ ਕਿਸੇ ਚੀਜ਼ ਬਾਰੇ ਗੱਲ ਕਰਾਂਗੇ। ਅਸੀਂ ਇੱਕ ਦੂਜੇ ਦੀ ਸੇਵਾ ਕਰਨ ਅਤੇ ਬਰਕਤ ਦੇਣ ਲਈ, ਇੱਕ ਦੂਜੇ ਹੁਕਮਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਯੋਜਨਾ ਬਣਾਵਾਂਗੇ।''

ਜੂਲੀ ਨੇ ਚੀਕ ਕੇ ਕਿਹਾ, ''ਓਹ, ਧੰਨਵਾਦ ਪਰਮੇਸ਼ੁਰ!''

ਆਰਥਰ ਦੇ ਮੱਥੇ ਤੇ ਪਸੀਨਾ ਆ ਗਿਆ। ਉਹ ਖਲੋ ਕੇ ਸਮੂਹ ਵੱਲ ਵੇਖਦਾ ਰਿਹਾ। ਉਸਨੇ ਆਪਣੇ ਬੁੱਲ੍ਹਾਂ ਨੂੰ ਚੱਟਿਆ।ਉਸਦੀਆਂ ਉਲੂ ਵਰਗੀਆਂ ਅੱਖਾਂ ਹਰ ਵਿਅਕਤੀ ਨੂੰ ਇੱਧਰ ਉੱਧਰ ਵੇਖ ਰਹੀਆਂ ਸਨ। ਫਿਰ ਉਹ ਬਿਨ੍ਹਾਂ ਕੁਝ ਕਹੇ ਕਮਰੇ ਵਿੱਚੋਂ ਅਚਾਨਕ ਚਲਿਆ ਗਿਆ, ਉਸਦੇ ਪਿੱਛੇ ਸ਼ਾਜੀ ਅਤੇ ਹੋਰ ਲੋਕ ਜੋ ਆਰਥਰ ਨਾਲ ਆਏ ਸਨ,

ਉਹ ਵੀ ਚਲੇ ਗਏ। ਫਿਰ ਵੀ, ਬਹੁਤ ਸਾਰੇ ਆਉਣ ਵਾਲੇ, ਲੋਕ ਉੱਥੇ ਹੀ ਠਹਿਰੇ ਰਹੇ ਅਤੇ ਵਿਕਟਰ ਨੇ ਸਮੂਹ ਦੀ ਅਗਵਾਈ, ਬਾਈਬਲ ਦੀ ਇੱਕ ਕਹਾਣੀ ਦੇ ਵਿਚਾਰ ਵਿਮਰਸ਼ ਵਿੱਚ ਕੀਤੀ, ਜਿਸ ਬਾਰੇ ਉਨ੍ਹਾਂ ਅਭਿਨੈ ਵੀ ਕੀਤਾ। ਉਨ੍ਹਾਂ ਆਉਣ ਵਾਲੇ ਲੋਕਾਂ ਵਿੱਚ ਇੱਕ ਔਰਤ ਵੀ ਸੀ, ਜਿਸਨੇ ਚਮਕਦੇ ਰੰਗ ਦੇ ਕੱਪੜੇ ਪਹਿਨੇ ਹੋਏ ਸਨ।

ਸਭਾ ਖ਼ਤਮ ਹੋਣ ਤੋਂ ਬਾਅਦ, ਲੋਰੀ ਨੇ ਵਿਕਟਰ ਨੂੰ ਹੌਲੀ ਜਿਹੀ ਕਿਹਾ, ''ਮੈਂ ਉਸਨੂੰ ਪਛਾਣ ਲਿਆ ਹੈ। ਉਹ ਪਹਿਲੀ ਸਭਾ, ਜਿਸ ਵਿੱਚ ਮੈਂ ਸ਼ਾਮਿਲ ਹੋਈ ਸੀ, ਉੱਥੇ ਮੌਜੂਦ ਸੀ। ਉਹ ਉਸ ਵੇਲੇ ਚਲੀ ਗਈ ਸੀ, ਜਦੋਂ ਸਮੂਹ ਪਰਮੇਸ਼ੁਰ ਦੀ ਅਦਭੁੱਤ ਕਿਰਪਾ ਲਈ, ਮਸੀਹ ਦੀ ਵਡਿਆਈ ਕਰਨਾ ਸ਼ੁਰੂ ਹੋਇਆ।

ਉਸ ਔਰਤ ਨੇ ਚਿਰ ਲਾਇਆ, ਜਦ ਤੱਕ ਦੂਜੇ ਲੋਕ, ਵਿਕਟਰ ਅਤੇ ਲੋਰੀ ਨੂੰ ਛੱਡ ਕੇ ਚਲੇ ਨਹੀਂ ਗਏ। ਉਸਨੇ ਉਨ੍ਹਾਂ ਨੂੰ ਦੱਸਿਆ, ''ਮੇਰਾ ਨਾਂ ਜੂਡੀ ਹੈ।'' ''ਵਿਕਟਰ, ਤੂੰ ਜੋ ਅਜ਼ਾਦੀ ਬਾਰੇ ਕਿਹਾ, ਮੈਨੂੰ ਬਹੁਤ ਪਸੰਦ ਹੈ। ਮੈਂ ਖ਼ੁਦ-ਨਿਹਚਾ ਦੇ ਇੱਕ ਉੱਚੇ ਪੱਧਰ ਤੇ ਪਹੁੰਚ ਚੁੱਕੀ ਹਾਂ। ਹੁਣ ਮੈਂ ਵੇਖਦੀ ਹਾਂ, ਜੋ ਥੋੜੇ ਜਿਹੇ ਲੋਕ ਜਾਣਦੇ ਹਨ, ਉਹ ਇਹ ਹੈ ਕਿ ਪਰਮੇਸ਼ੁਰ ਕਿਸੇ ਵੀ ਧਰਮ ਨਾਲੋਂ ਵੱਡਾ ਹੈ। ਅਸੀਂ ਜੋ ਕੁਝ ਚਾਹੀਏ ਵਿਸ਼ਵਾਸ ਕਰ ਸਕਦੇ ਹਾਂ, ਜਿੰਨੀ ਦੇਰ ਤੱਕ ਅਸੀਂ ਸੱਚੇ ਹਾਂ। ਤੁਹਾਡਾ ਸੱਚ ਤੁਹਾਡੇ ਲਈ ਸੱਚਾ ਹੈ; ਮੇਰਾ ਸੱਚ ਮੇਰੇ ਲਈ ਸੱਚਾ ਹੈ। ਇਹ ਬਹੁਤ ਹੀ ਅਜ਼ਾਦੀ ਵਾਲਾ ਹੈ। ਬਾਈਬਲ ਵਿੱਚ ਉਹ ਸਭ ਵਿਵਰਣ ਬਹੁਤ ਜਿਆਦਾ ਸੀਮਾਬੱਧ ਹਨ। ਅਤੇ ਬਾਈਬਲ ਅੰਦਰ ਅਹਿੰਸਾ ਹੈ! ਇਹ ਕਹਿੰਦੀ ਹੈ ਕਿ ਅਸੀਂ ਯਿਸੂ ਦੇ ਲਹੂ ਨਾਲ ਧੋਤੇ ਹਾਂ! ਕਿੰਨਾ ਪਰਾਚੀਨ ਹੈ!''

ਲੋਰੀ ਨੇ ਜਵਾਬ ਦਿੱਤਾ, 'ਜੂਡੀ, ਅਸੀਂ ਦਰਿੜ੍ਹ ਵਿਸ਼ਵਾਸ ਕਰਦੇ ਹਾਂ ਕਿ ਯਿਸੂ ਦੇ ਲਹੂ ਨੇ ਸਾਡੇ ਸਾਰੇ ਪਾਪਾਂ ਦਾ ਮੁੱਲ ਅਦਾ ਕੀਤਾ ਹੈ।''

''ਮੇਰੇ ਨਾਲ ਯਿਸੂ ਦੇ ਲਹੂ ਦਾ ਕੀ ਮਤਲਬ ਹੈ?''

''ਵਿਕਟਰ ਨੇ ਪੁੱਛਿਆ, ''ਫਿਰ ਕੀ ਤੂੰ ਆਪਣਾ ਪਰਮੇਸ਼ੁਰ ਆਪੇ ਬਣਾ ਰਹੀ ਹੈਂ? ਇਹੋ ਮੂਰਤੀ ਪੂਜਾ ਹੈ।''

''ਮੈਂ ਮੂਰਤੀਆਂ ਵਿੱਚ ਵਿਸ਼ਵਾਸ ਨਹੀਂ ਕਰਦੀ, ਜਵਾਨ! ਨਾ ਹੀ ਉਨ੍ਹਾਂ ਨੂੰ ਬਣਾਉਂਦੀ ਹਾਂ!''

''ਤੂੰ ਉਨ੍ਹਾਂ ਨੂੰ ਛੈਣੀ ਅਤੇ ਪੱਥਰ ਨਾਲ ਨਹੀਂ ਬਣਾਉਂਦੀ, ਪਰ ਤੂੰ ਆਪਣੇ ਸ਼ਬਦਾਂ ਨਾਲ ਆਪਣੇ ਪਰਮੇਸ਼ੁਰ ਨੂੰ ਅਕਾਰ ਦੇ ਰਹੀਂ ਹੈਂ। ਤੂੰ ਆਤਮਿਕ ਸੰਸਾਰ ਅਤੇ ਪਰਮੇਸ਼ੁਰ ਬਾਰੇ ਆਪਣੇ ਵਿਸ਼ਵਾਸਾਂ ਨੂੰ ਘੜਦੀ ਹੈ। ਪਰਾਈਆਂ ਕੌਮਾਂ ਦੇ ਮੂਰਤੀ ਪੂਜਕਾਂ ਨੇ ਹਮੇਸ਼ਾਂ ਇਹ ਕੀਤਾ। ਤੁਹਾਨੂੰ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਕਰਨ ਦੀ ਲੋੜ ਹੈ ਅਤੇ ...''

ਉਸਨੇ ਟੋਕਿਆ, ''ਤੂੰ ਮੈਨੂੰ ਕਿਰਪਾ ਬਾਰੇ ਦੱਸ?'' ''ਮੈਂ ਤੈਨੂੰ ਦੱਸਾਂਗਾ! ਜਵਾਨ, ਮੈਂ ਕਿਰਪਾ ਬਾਰੇ ਤੇਰੇ ਨਾਲੋਂ ਜਿਆਦਾ ਜਾਣਦੀ ਹਾਂ। ਮੈਂ ਪਰਮੇਸ਼ੁਰ ਦੇ ਨਿਆਂ ਬਾਰੇ, ਤੇਰੀ ਪਰਾਚੀਨ ਸਿੱਖਿਆ ਨੂੰ ਠੁਕਰਾਉਂਦੀ ਹਾਂ। ਪਿਆਰਾ ਪਰਮੇਸ਼ੁਰ ਇਸ ਤਰ੍ਹਾਂ ਲੋਕਾਂ ਨੂੰ ਸਜ਼ਾ ਨਹੀਂ ਦੇਵੇਗਾ। ਮੁਕਤੀ ਵਿਆਪਕ ਹੈ!''

ਲੋਰੀ ਨੇ ਉੱਤਰ ਦਿੱਤਾ, ''ਅਫ਼ਸੀਆਂ 1:7 ਕਹਿੰਦੀ ਹੈ, ਕਿ ਸਾਡਾ ਛੁਟਕਾਰਾ ਯਿਸੂ ਦੇ ਲਹੂ ਦੁਆਰਾ ਹੈ। ਜੂਡੀ ਮੈਂ ਵੀ ਪਰਮੇਸ਼ੁਰ ਦੇ ਨਿਆਂ ਨੂੰ ਸਮਝ ਨਹੀਂ ਸਕਿਆ ਸੀ, ਜਦ ਤੱਕ ਅਸੀਂ ਉਸਦੀ ਅਪਾਰ ਪਵਿੱਤਰਤਾ ਬਾਰੇ ਅਧਿਐਨ ਨਹੀਂ ਕੀਤਾ। ਪਰਮੇਸ਼ੁਰ ਸੰਪੂਰਨ ਪਿਆਰ ਅਤੇ ਭਲਾਈ ਹੈ। ਇਸੇ ਲਈ ਉਸਨੂੰ ਪਾਪ ਨੂੰ ਸਜ਼ਾ ਦੇਣੀ ਚਾਹੀਦੀ ਹੈ। ਉਹ ਚਾਹੁੰਦਾ ਹੈ ਕਿ ਉਸਦੇ ਲੋਕ ਹਮੇਸ਼ਾ ਲਈ ਉਸਦੇ ਨਾਲ ਰਹਿਣ, ਪਰ ਉਹ ਸੰਪੂਰਨ ਪਵਿੱਤਰ ਹੈ ਅਤੇ ਪਾਪ ਨੂੰ ਆਪਣੀ ਹਜ਼ੂਰੀ ਵਿੱਚ ਦਾਖਲ ਨਹੀਂ ਹੋਣ ਦੇਵੇਗਾ। ਜੇਕਰ ਉਹ ਇਸ ਤਰ੍ਹਾਂ ਕਰੇ ਤਾਂ ਸਵਰਗ ਨਰਕ ਬਣ ਜਾਵੇਗਾ।''

''ਨਰਕ? ਤੂੰ ਨਰਕ ਬਾਰੇ ਬੋਲਦੀ ਹੈਂ? ਜਵਾਨ ਔਰਤ, ਜੇਕਰ ਪਰਮੇਸ਼ੁਰ ਅਜਿਹੇ ਕਰੋਧ ਨਾਲ ਸਜ਼ਾ ਦੇਵੇਗਾ, ਫਿਰ ਉਹ ਕਿਰਪਾ ਦਾ ਪਰਮੇਸ਼ੁਰ ਨਹੀਂ ਹੈ।''

ਲੋਰੀ ਨੇ ਵਿਕਟਰ ਵੱਲ ਵੇਖਿਆ, ਜਿਵੇਂ ਕਿ ਉਹ ਅੱਖਾਂ ਨਾਲ ਉੱਤਰ ਲੈਣ ਲਈ ਮਿੰਨਤ ਕਰਦੀ ਹੋਵੇ। ਉਸਨੇ ਯਾਦ ਕੀਤਾ ਜੋ ਟੀਨੋ ਨੇ ਉਸਨੂੰ ਪਰਮੇਸ਼ੁਰ ਦੇ ਨਿਆਂ ਬਾਰੇ ਸਿਖਾਇਆ ਸੀ। ''ਅਸੀਂ ਪਰਮੇਸ਼ੁਰ ਦੀ ਕਿਰਪਾ ਦੀ ਪ੍ਰਸ਼ੰਸਾ ਨਹੀਂ ਕਰ ਸਕਦੇ, ਜਦ ਤੱਕ ਅਸੀਂ ਇਸਨੂੰ ਪਾਪ ਦੇ ਦਰਦਨਾਕ ਪਿਛੋਕੜ, ਸਜ਼ਾ, ਲਹੂ ਦੀ ਕੁਰਬਾਨੀ ਅਤੇ ਸੰਪੂਰਨ ਨਿਆਂ ਦੇ ਵਿਰੁੱਧ ਨਾ ਵੇਖੀਏ। ਨਰਕ ਨਿਆਂ ਦਾ ਸੰਪੂਰਨ ਸਥਾਨ ਹੈ। ਪਰਮੇਸ਼ੁਰ ਦਾ ਨਿਆਂ ਸੰਪੂਰਨ ਤੌਰ ਤੇ ਉਚਿੱਤ ਹੋਵੇਗਾ, ਨਹੀਂ ਤਾਂ ਉਹ ਪਰਮੇਸ਼ੁਰ ਨਹੀਂ ਹੋਵੇਗਾ। ਸਵਰਗ, ਕਿਰਪਾ ਅਤੇ ਦਯਾ ਦਾ ਸਥਾਨ ਹੋਵੇਗਾ। ਜੇਕਰ ਅਸੀਂ ਯਿਸੂ ਦੀ ਦਰਦਨਾਕ ਕੁਰਬਾਨੀ ਅਤੇ ਮੌਤ ਦੀ ਪ੍ਰਸ਼ੰਸਾ ਨਹੀਂ ਕਰਦੇ, ਤਾਂ ਅਸੀਂ ਪਰਮੇਸ਼ੁਰ ਦੀ ਕਿਰਪਾ ਦੀ ਪ੍ਰਸ਼ੰਸਾ ਨਹੀਂ ਕਰ ਸਕਦੇ।''

ਜੂਡੀ ਇਵੇਂ ਜਾਪ ਰਹੀ ਸੀ ਕਿ ਉਸਦਾ ਦਿਮਾਗ ਕਿਤੇ ਹੋਰ ਹੀ ਹੋਵੇ। ਉਹ ਸੁਣ ਨਹੀਂ ਰਹੀ ਸੀ, ਪਰ ਉਹ ਨਿਮਰ ਸੀ ਅਤੇ ਗੱਲ ਨਹੀਂ ਟੋਕੀ। ਵਿਕਟਰ ਨੇ ਗੱਲ ਜਾਰੀ ਰੱਖੀ, 'ਜੂਡੀ ਕਿਰਪਾ ਕਰਕੇ ਸੁਣ। ਸੋਚ ਯਿਸੂ ਨੇ ਸਲੀਬ ਉੱਤੇ ਤੇਰੇ ਲਈ ਕਿੰਨਾ ਦੁੱਖ ਉਠਾਇਆ ਤਾਂ ਜੋ ਤੇਰੇ ਪਾਪ ਮਾਫ਼ ਹੋ ਸਕਦੇ। ਫਿਰ ਤੂੰ ਉਸਨੂੰ ਇੰਨੀ ਲਗਨ ਨਾਲ ਪਿਆਰ ਕਰੇ ਕਿ ਤੂੰ ਕਦੀ ਵੀ ਉਸਨੂੰ ਵੱਡੇ ਪਰਮੇਸ਼ੁਰ ਵਿੱਚ ਛੋਟਾ ਕਰਨ ਬਾਰੇ ਨਾ ਸੋਚੇ ਕਿ ਮਨੁੱਖ ਉਸਨੂੰ ਉਨ੍ਹਾਂ ਦੀਆਂ ਕਲਪਨਾਵਾਂ ਅਨੁਸਾਰ ਬਣਾ ਸਕਦੇ ਹਨ।''

ਲੋਰੀ ਨੇ ਮਿੰਨਤ ਕੀਤੀ, ''ਕਿਰਪਾ ਕਰਕੇ, ਮੈਨੂੰ ਤੇਰੇ ਕੋਲ ਆ ਕੇ, ਤੈਨੂੰ ਇਹ ਗੱਲਾਂ ਸਿਖਾਉਣ ਵਿੱਚ ਮਦਦ ਕਰਨ ਦਿਹ। ਕੀ ਤੂੰ?''

''ਮੈਂ ਨਹੀਂ ਸੋਚਦੀ! ਮੈਂ ਸੋਚਦੀ ਹਾਂ ਕਿ ਉਨ੍ਹਾਂ ਦੋਹਾਂ ਨੇ ਤੇਰੇ ਮਨ ਨੂੰ ਬਦਲ ਦਿੱਤਾ ਹੈ! ਮੈਂ ਪਰਮੇਸ਼ੁਰ ਦਾ ਧੰਨਵਾਦ ਕਰਦੀ ਹਾਂ ਕਿ ਮੈਂ ਇਸ ਮੱਤ ਸਿਧਾਂਤ ਤੋਂ ਅਜ਼ਾਦ ਹੋਣ ਲਈ ਕੰਮ ਕਰ ਲਿਆ ਹੈ। ਸ਼ੁਭ ਰਾਤਰੀ। ਚਾਹ ਲਈ ਤੁਹਾਡਾ ਧੰਨਵਾਦ।''

ਉਹ ਚਲੀ ਗਈ ਅਤੇ ਲੋਰੀ ਕੁਰਸੀ ਤੇ ਡਿੱਗ ਪਈ। ਲੰਬੀ ਚੁੱਪ ਦੇ ਬਾਅਦ, ਉਸਨੇ ਹੌਕਾ ਭਰਿਆ। ਜਦੋਂ ਮੈਂ ਉਸਦੇ ਲਾਗੇ ਖਲੋਤੀ ਸੀ ਤਾਂ ਮੈਨੂੰ ਮਰੀਜੁਆਨਾ ਦੀ ਬਦਬੂ ਆ ਰਹੀ ਸੀ।''

''ਮੈਂ ਉਸਦੀ ਬਾਂਹ ਤੇ ਸੂਈ ਦੇ ਛੇਕ ਵੀ ਵੇਖੇ।'' ਵਿਕਟਰ ਨੇ ਕਿਹਾ। ''ਉਹ ਨਸ਼ੇ ਕਰਦੀ ਹੈ। ਜਿਹੜੇ ਲੋਕ ਉਨ੍ਹਾਂ ਦੇ ਵਿਸ਼ਵਾਸਾਂ ਦਾ ਨਿਰਮਾਣ, ਕਠੋਰ ਸੋਚ ਤੇ ਨਹੀਂ ਕਰਦੇ, ਛੇਤੀ ਹੀ ਝੂਠੇ ਧਰਮਾਂ ਦੇ ਸ਼ਿਕਾਰ ਬਣ ਜਾਂਦੇ ਹਨ। ਜੂਡੀ ਉਸਦੇ ਆਪਣੇ ਅਵਿਸ਼ਵਾਸ ਦੀ ਕੈਦੀ ਹੈ।''

''ਉਸਨੇ ਕਿਹਾ ਕਿ ਲੋਕ ਜੋ ਵੀ ਚਾਹੁੰਦੇ ਹਨ, ਉਹ ਵਿਸ਼ਵਾਸ ਕਰ ਸਕਦੇ ਹਨ!''

''ਲੋਕ ਜਿਹੜੇ ਸੋਚਦੇ ਹਨ, ਜਿਵੇਂ ਉਹ ਸੋਚਦੀ ਹੈ, ਆਪਣੇ ਆਪ ਨੂੰ ਪਵਿੱਤਰ ਵਚਨ ਦੇ ਤੱਥਾਂ ਅਤੇ ਸੱਚਾਈਆਂ ਤੋਂ ਸੁਰੱਖਿਅਤ ਰੱਖਦੇ ਹਨ। ਉਹ ਆਪਣੇ ਆਪ ਦੇ ਆਲੇ ਦੁਆਲੇ ਇੱਕ ਖੋਲ ਦਾ ਨਿਰਮਾਣ ਕਰਦੇ ਹਨ। ਜੂਡੀ ਦਾ ਖੋਲ ਕਿਸੇ ਵੀ ਮਸੀਹੀ ਮੱਤ ਸਿਧਾਂਤ ਨਾਲੋਂ ਜਿਆਦਾ ਸੀਮਾਬੱਧ ਹੈ। ਉਹ ਆਪਣੇ ਆਪ ਨੂੰ, ਉਸਦੇ ਆਪਣੇ ਛੋਟੇ ਜਿਹੇ ਸੁਫਨੇ ਦੇ ਸੰਸਾਰ ਵਿੱਚ ਬੰਦ ਕਰਦੀ ਹੈ। ਉਸਨੇ ਕਿਹਾ ਕਿ ਉਹ ਅਜ਼ਾਦ ਸੀ, ਪਰ ਲੋਕ ਤਦ ਤੱਕ ਅਜ਼ਾਦ ਨਹੀਂ ਹੁੰਦੇ, ਜਦ ਤੱਕ ਉਹ ਉਸ ਪ੍ਰਕਾਰ ਦੇ ਪਿਆਰ ਨਾਲ ਪਿਆਰ ਨਹੀਂ ਕਰਦੇ, ਜੋ ਸਿਰਫ ਪਰਮੇਸ਼ੁਰ ਦੀ ਕਿਰਪਾ ਲਿਆਉਂਦੀ ਹੈ।''

ਉਨ੍ਹਾਂ ਜੂਡੀ ਲਈ ਪ੍ਰਾਰਥਨਾ ਕੀਤੀ। ਫਿਰ, ਘਰ ਨੂੰ ਤੁਰੇ ਜਾਂਦੇ, ਲੋਰੀ ਨੇ ਵਿਕਟਰ ਨੂੰ ਕਿਹਾ, ''ਤੂੰ ਹਰ ਸਮੇਂ ਟੀਨੋ ਦੀ ਤਰ੍ਹਾਂ ਗੱਲ ਕਰਦਾ ਜਾਪਦਾ ਹੈਂ। ਤੇਰਾ ਕੀ ਮਤਲਬ ਸੀ, ਜਦੋਂ ਤੂੰ ਕਿਹਾ, ਕਿ ਲੋਕ ਤਦ ਤੱਕ ਅਜ਼ਾਦ ਨਹੀਂ ਹਨ, ਜਦ ਤੱਕ ਉਹ ਪਿਆਰ ਨਹੀਂ ਕਰਦੇ?''

''ਟੀਨੋ ਨੇ ਇਹ ਮੈਨੂੰ ਦੱਸਿਆ ਸੀ। ਪਾਪੀ ਵਿਅਕਤੀ ਹਰ ਕੰਮ ਨਹੀਂ ਕਰ ਸਕਦੇ, ਜੋ ਉਹ ਚਾਹੁੰਦੇ ਹਨ, ਕਿਉਂਕਿ ਉਹ ਬੁਰੇ ਕੰਮ ਕਰਨਾ ਚਾਹੁੰਦੇ ਹਨ। ਪੁਲਿਸ, ਸਮਾਜ, ਅੰਤਹਕਰਨ ਅਤੇ ਪਰਮੇਸ਼ੁਰ ਉਨ੍ਹਾਂ ਨੂੰ ਕਾਬੂ ਵਿੱਚ ਰੱਖੇਗਾ। ਸਿਰਫ ਸੰਪੂਰਨ, ਪਿਆਰ ਕਰਨ ਵਾਲੇ ਵਿਅਕਤੀਆਂ ਨੂੰ ਹੀ, ਜੋ ਕੁਝ ਉਹ ਚਾਹੁਣ ਕਰਨ ਦੀ ਇਜ਼ਾਜਤ ਹੈ, ਕਿਉਂਕਿ ਜੋ ਉਹ ਚਾਹੁੰਦੇ ਹਨ ਹਮੇਸ਼ਾ ਚੰਗਾ ਹੁੰਦਾ ਹੈ। ਯਿਸੂ ਨੇ ਕਿਹਾ ਕਿ ਆਪਣੇ ਗੁਆਂਢੀ ਨੂੰ ਪਿਆਰ ਕਰਨਾ, ਪੂਰੀ ਸ਼ਰਾ ਨੂੰ ਪੂਰਾ ਕਰਨਾ ਹੈ।''

''ਵਿਕਟਰ, ਮੈਂ ਹੁਣ ਸਮਝ ਗਈ ਹਾਂ ਲੋਕ ਜਿਹੜੇ ਪਿਆਰ ਕਰਦੇ ਹਨ, ਜੋ ਚਾਹੁਣ ਕਰ ਸਕਦੇ ਹਨ, ਕਿਉਂਕਿ ਜੋ ਉਹ ਚਾਹੁੰਦੇ ਹਨ ਉਹ ਹੈ ਦੂਜਿਆਂ ਦੀ ਭਲਾਈ ਕਰਨਾ। ਓਹ ਮੈਂ ਵੇਖ ਸਕਦੀ ਹਾਂ, ਇਹ ਕਿਵੇਂ ਹੋਵੇਗਾ! ਜੀ ਉੱਠਣ ਵਿੱਚ, ਸਦੀਪਕ ਕਾਲ ਵਿੱਚ, ਕੋਈ ਪਾਪ ਨਹੀਂ ਹੋਵੇਗਾ। ਅਸੀਂ ਪਰਮੇਸ਼ੁਰ ਨੂੰ ਅਤੇ ਇੱਕ ਦੂਜੇ ਨੂੰ ਇੰਨਾਂ ਪਿਆਰ ਕਰਾਂਗੇ ਕਿ ਅਸੀਂ ਅਖ਼ੀਰ ਜੋ ਕੁਝ ਚਾਹੁੰਦੇ ਹਾਂ ਪੂਰੀ ਤਰ੍ਹਾਂ ਕਰਨ ਲਈ ਅਜ਼ਾਦ ਹੋ ਜਾਵਾਂਗੇ।''

ਜਦੋਂ ਟੀਨੋ ਆਪਣੇ ਦੌਰੇ ਤੋਂ ਵਾਪਸ ਆਇਆ, ਉਸਨੇ ਵਿਕਟਰ ਨੂੰ ਵਧਾਈ ਦਿੱਤੀ, ''ਇਸ਼ਮਾਏਲ ਨੇ ਮੈਨੂੰ ਦੱਸਿਆ ਤੂੰ ਕਿਵੇਂ ਕ੍ਰਮ ਨੂੰ ਬਹਾਲ ਕੀਤਾ ਜਦੋਂ ਆਰਥਰ ਅਤੇ ਉਸਦੇ ਸਹਾਇਕਾਂ ਨੇ, ਸਮੂਹ ਦਾ ਕਾਬੂ ਖੋਹਣ ਦੀ ਕੋਸ਼ਿਸ਼ ਕੀਤੀ। ਤੇਰਾ ਧੰਨਵਾਦ! ਹੋਰਨਾਂ ਨੇ ਵੀ ਮੈਨੂੰ ਦੱਸਿਆ ਕਿ ਤੂੰ ਅਤੇ ਲੋਰੀ ਉਨ੍ਹਾਂ ਲਈ ਬਰਕਤ ਬਣੇ। ਤੁਹਾਡੇ ਨਵੇਂ ਸਮੂਹ ਨੇ ਦੋ ਨਵੇਂ ਸਮੂਹ ਸ਼ੁਰੂ ਕਰ ਲਏ ਹਨ, ਅਤੇ ਤੁਸੀਂ ਉਨ੍ਹਾਂ ਦੇ ਨਵੇਂ ਆਗੂਆਂ ਨੂੰ ਸਿਖਾ ਰਹੇ ਹੋ। ਸਾਡੇ ਪ੍ਰਭੂ ਦੀ ਵਡਿਆਈ ਹੋਵੇ!''

ਮੈਂ ਸਰਲ ਰੂਪ ਵਿੱਚ ਉਹੋ ਕਰ ਰਹੀ ਹਾਂ, ਜੋ ਤੂੰ ਸਾਡੇ ਲਈ ਕੀਤਾ ਸੀ। ਟੀਨੋ ਮੈਂ ਤੇਰੀ ਰੀਸ ਕਰ ਰਿਹਾ ਹਾਂ। ਇਸ ਢੰਗ ਨਾਲ ਇਹ ਬਹੁਤ ਸੌਖਾ ਹੈ। ਬਹੁਤ ਹੀ ਸੌਖਾ!"

ਲੋਰੀ ਨੇ ਚੀਕ ਕੇ ਕਿਹਾ, "ਓਹ! ਪਰਮੇਸ਼ੁਰ ਦੀ ਕਿਰਪਾ ਕਿਵੇਂ ਵਹਿ ਰਹੀ ਹੈ। ਪਰਿਵਾਰ ਤੋਂ ਪਰਿਵਾਰ ਤੱਕ ਅਤੇ ਮਿੱਤਰ ਤੋਂ ਮਿੱਤਰ ਤੱਕ! ਓਹ, ਆਓ ਉਸਦੀ ਵਡਿਆਈ ਕਰੀਏ!"

ਟੀਨੋ ਨੇ ਸੂਚਨਾ ਦਿੱਤੀ, "ਪਰਮੇਸ਼ੁਰ ਦੀ ਕਿਰਪਾ ਬਹੁਤ ਸਾਰੀਆਂ ਜਗ੍ਹਾਂ ਤੇ ਵਹਿ ਰਹੀ ਹੈ। "ਸਾਡੇ ਪ੍ਰਚਾਰਕਾਂ ਨੇ ਬਹੁਤ ਸਾਰੇ ਸਮੂਹ ਸ਼ੁਰੂ ਕੀਤੇ ਹਨ, ਜੋ ਹੁਣ ਹੋਰ ਵੀ ਸਮੂਹ ਉਤਪੰਨ ਕਰ ਰਹੇ ਹਨ। ਉਹ ਹਿੰਮਤ ਨਾਲ ਸ਼ੈਤਾਨ ਦੇ ਰਾਜ ਤੇ ਹਮਲਾ ਕਰ ਰਹੇ ਹਨ। ਉਨ੍ਹਾਂ ਨੂੰ ਵੀ ਕਾਨੂੰਨਵਾਦ ਦਾ ਉਹੋ ਸੰਘਰਸ਼ ਹੈ, ਜੋ ਸਾਨੂੰ ਇੱਥੇ ਹੈ। ਪਰ ਕੁਝ ਵੀ ਹੋਵੇ, ਜਿੱਥੇ ਕਿਤੇ ਵੀ ਮਸੀਹ ਵਿੱਚ ਵਿਸ਼ਵਾਸੀ ਕਿਰਪਾ ਅਤੇ ਸ਼ਕਤੀ ਲਈ ਉਸਦੇ ਨਾਂ ਨੂੰ ਪੁਕਾਰਦੇ ਹਨ, ਪਵਿੱਤਰ ਆਤਮਾ ਵਿਖਾਉਂਦਾ ਹੈ ਕਿ ਸਰਬ ਸ਼ਕਤੀਮਾਨ, ਸ਼ੈਤਾਨ ਅਤੇ ਉਸਦੀਆਂ ਦੁਸ਼ਟ ਆਤਮਾਵਾਂ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੈ।

ਲੋਰੀ ਰੋ ਪਈ।

ਵਿਕਟਰ ਨੇ ਪੁੱਛਿਆ, "ਕੀ ਗੱਲ ਹੈ?"

"ਬਹੁਤ ਸਾਰੇ ਲੋਕ ਇਸ ਵੱਡੀ ਬਰਕਤ ਬਾਰੇ ਨਹੀਂ ਜਾਣਦੇ ਹਨ। ਮੈਂ ਪਰਮੇਸ਼ੁਰ ਦੀ ਅਦਭੁੱਤ ਕਿਰਪਾ ਬਾਰੇ ਕਵਿਤਾ ਲਿਖਣਾ ਚਾਹੁੰਦੀ ਹਾਂ, ਤਾਂ ਜੋ ਦੂਜੇ ਲੋਕ ਇਸਨੂੰ ਪੜ੍ਹ ਸਕਣ ਅਤੇ ਸਾਡੇ ਨਾਲ ਅਨੰਦ ਮਨਾ ਸਕਣਾ। ਪਰ ਮੈਂ ਕਾਵਿ ਰਚਨਾ ਵਿੱਚ ਨਿਪੁੰਨ ਨਹੀਂ ਹਾਂ। ਮੈਨੂੰ ਸ਼ਬਦਾਂ ਦੇ ਤੁਕਾਂਤ ਬਣਾਉਣਾ ਮੁਸ਼ਕਲ ਜਾਪਦਾ ਹੈ।"

ਟੀਨੋ ਨਿਮਰਤਾ ਨਾਲ ਬੋਲਿਆ, ਲੋਰੀ, "ਕਿਰਪਾ ਕਰਕੇ ਕਵਿਤਾ ਲਿਖ!" ਸ਼ਬਦਾਂ ਨੂੰ ਤੁਕਾਂਤ ਦੀ ਲੋੜ ਨਹੀਂ ਹੈ। ਕੋਈ ਅਜਿਹਾ ਨਿਯਮ ਨਹੀਂ ਹੈ, ਜੋ ਤੁਹਾਡੇ ਵਿਚਾਰਾਂ ਨੂੰ ਖੁਲ੍ਹੇ ਰੂਪ ਵਿੱਚ ਵਹਿਣ ਤੋਂ ਰੋਕੇ। ਸ਼ਾਸਤਰੀ ਕਾਵਿ ਰਚਨਾ ਦੀਆਂ ਪਾਬੰਧੀਆਂ ਬਾਰੇ ਚਿੰਤਾ ਨਾ ਕਰ। ਸਰਲ ਰੂਪ ਵਿੱਚ ਉਹ ਲਿਖ, ਜੋ ਪ੍ਰਭੂ ਤੈਨੂੰ ਦੇਂਦਾ ਹੈ।"

"ਕੀ ਮੈਨੂੰ ਲਿਖਣੀ ਚਾਹੀਦੀ ਹੈ? ਕੀ ਸੱਚਮੁੱਚ?" ਉਸਨੇ ਵਿਕਟਰ ਵੱਲ ਵੇਖਿਆ। ਕੀ ਤੂੰ ਮੈਨੂੰ ਧਰਮ ਵਿਗਿਆਨ ਨੂੰ ਸਹੀ ਰੱਖਣ ਵਿੱਚ ਮਦਦ ਕਰੇਂਗਾ?"

ਕੁਝ ਦਿਨ ਬਾਅਦ, ਵਿਕਟਰ, ਲੋਰੀ, ਟੀਨੋ ਅਤੇ ਜੂਲੀ ਇਸ਼ਮਾਏਲ ਨੂੰ ਮਿਲੇ। ਵਿਕਟਰ ਨੇ ਸੂਚਿਤ ਕੀਤਾ, "ਲੋਰੀ ਕੁਝ ਪੜ੍ਹਨਾ ਚਾਹੁੰਦੀ ਹੈ।"

ਉਸਨੇ ਸ਼ਰਮਾਉਂਦਿਆਂ ਸ਼ੁਰੂ ਕੀਤਾ। ਉਸਦੀ ਕੋਮਲ ਅਵਾਜ਼ ਘਬਰਾਹਟ ਨਾਲ ਕੰਬ ਰਹੀ ਸੀ:

## ਪੁਰਾਣਾ ਸੱਪ ਪਰਮੇਸ਼ੁਰ ਦੀ ਨਵੀਂ ਸਰਿਸ਼ਟੀ ਵਿਰੁੱਧ ਯੁੱਧ ਕਰਦਾ ਹੈ:-

ਪਰਮੇਸ਼ੁਰ ਦੀ ਅਜ਼ਾਦ ਕਰਨ ਵਾਲੀ ਕਿਰਪਾ, ਹਿਮਾਲਿਆ ਦੀਆਂ ਉਚਾਈਆਂ ਤੋਂ ਵੀ ਵੱਧ ਉਚਾਈ ਤੋਂ ਵਹਿੰਦੀ ਹੈ।
ਇੱਕ ਨਦੀ ਜੋ ਗੰਗਾ, ਐਮਾਜੋਨ, ਯਾਂਗਟੇ ਅਤੇ ਨਾਈਲ ਨੂੰ ਜੋੜ ਕੇ ਵੀ ਉਨ੍ਹਾਂ ਤੋਂ ਵੱਡੀ ਨਦੀ ਹੈ!
ਇਹ ਰੋਕਣ ਵਾਲੀਆਂ ਸਾਰੀਆਂ ਕੰਧਾਂ ਨੂੰ ਮਿੱਧਦੀ ਹੈ; ਅਤੇ ਇਹ ਧਰਤੀ ਦੀ ਹਰ ਜ਼ਮੀਨ ਤੇ ਪਹੁੰਚਦੀ ਹੈ!
ਓਹ, ਮੈਨੂੰ ਇਸਦੀ ਚੰਗਿਆਈ, ਜੀਵਨ ਦੇਣ ਵਾਲੇ, ਮਾਫ਼ ਕਰਨ ਵਾਲੇ ਅਤੇ ਹੜ੍ਹ ਦਾ ਸਵਾਦ ਚੱਖਣ ਦੇ!

ਪਹਿਲਾਂ ਧਰਤੀ ਦੀ ਕਮਜ਼ੋਰ ਪਰਤ, ਇਸਦੇ ਮਿੱਧਣ ਵਾਲੇ ਭਾਰ ਦਾ ਸਮਰਥਨ ਨਹੀਂ ਕਰ ਸਕੀ।
ਇਸ ਦੀ ਪਵਿੱਤਰਤਾ ਰੁੱਕ ਜਾਵੇਗੀ, ਜੇਕਰ ਇਹ ਪਾਪੀ ਮਨੁੱਖ ਦੇ ਹਿਰਦੇ ਨੂੰ ਛੂਹਣ ਦੁਆਰਾ ਦਾਗੀ ਹੋਵੇ।
ਜਿੱਥੇ ਦੁਸ਼ਟ ਆਤਮਾਵਾਂ ਉਨ੍ਹਾਂ ਦੀ ਅਪਵਿੱਤਰ ਆਤਮਾ ਨੂੰ ਨਾਸ਼ ਕਰਨ ਵਾਲਾ ਪਤਲਾ ਚਿੱਕੜ ਫੈਲਾਉਂਦੀਆਂ ਹਨ।
ਜਦੋਂ ਆਦਮ ਪਾਪ ਵਿੱਚ ਡਿੱਗਾ, ਨਰਕ ਦੇ ਲਸ਼ਕਰ ਨੇ ਜਿੱਤ ਦਾ ਗੰਦਾ ਗੀਤ ਗਾਇਆ।

ਫਿਰ, ਉੱਚੀ ਅਵਾਜ਼ ਵਿੱਚ ਪਰਮੇਸ਼ੁਰ ਦੀ ਦ੍ਰਿੜ ਪ੍ਰਤਿਗਿਆ ਦੀ ਅਵਾਜ਼ ਆਈ,
"ਸ਼ੈਤਾਨ ਨੇ ਧਰਤੀ ਅਤੇ ਮਨੁੱਖ ਦੋਹਾਂ ਨੂੰ ਨਾਸ ਕਰ ਦਿੱਤਾ।
ਉਸਦਾ ਸ਼ਿਕਾਰ, ਮਨੁੱਖ ਤੇ ਔਰਤ ਤੋਂ ਜਨਮਿਆਂ, ਅਜ਼ਗਰ ਦੇ ਸਿਰ ਨੂੰ ਕੁਚਲੇਗਾ!"

ਸ਼ੈਤਾਨ ਨੇ ਮਖੌਲ ਉਡਾਇਆ, "ਪਾਪ ਨੇ ਸਾਰੇ ਮਨੁੱਖਾਂ ਨੂੰ ਮੈਲ਼ਾ ਕਰ ਦਿੱਤਾ ਹੈ, ਇਸ ਲਈ ਪਰਮੇਸ਼ੁਰ ਦੇ ਸਰਾਪ ਤੋਂ ਕਦੀ ਕੋਈ ਨਹੀਂ ਬਚੇਗਾ!"

ਅਸੀਂ ਸਿਰਫ ਇੱਕ ਪਾਪ ਵਿਖਾਵਾਂਗੇ ਅਤੇ ਮਿੱਟੀ ਹੋ ਜਾਵਾਂਗੇ!"

ਡਰ ਵਿੱਚ ਦੂਤਾਂ ਨੇ ਪਰਮ ਪਰਧਾਨ ਪਿਤਾ ਪਰਮੇਸ਼ੁਰ, ਪੁੱਤਰ ਪਰਮੇਸ਼ੁਰ ਨੂੰ ਹੁਕਮ ਕਰਦਿਆਂ ਸੁਣਿਆ,

"ਜਾਹ, ਇੱਕ ਰਸਤਾ ਤਿਆਰ ਕਰ ਜੋ ਕਿਰਪਾ, ਉੱਚੇ ਸਿੰਘਾਸਣ ਤੋਂ ਸਾਰੀ ਮਨੁੱਖ ਜਾਤੀ ਤੱਕ ਵਹੇ।॥

ਦੁਸ਼ਟ ਆਤਮਾਵਾਂ ਨੇ ਮਖੌਲ ਕੀਤਾ, "ਧਰਤੀ ਦੀ ਪਤਲੀ ਪਰਤ ਬਹੁਤ ਕਮਜ਼ੋਰ ਹੈ ਅਤੇ ਕਦੀ ਵੀ ਮਜ਼ਬੂਤੀ ਪ੍ਰਦਾਨ ਨਹੀਂ ਕਰ ਸਕਦੀ। ਉਸ ਨਦੀ ਦਾ ਭਾਰ ਬਹੁਤ ਜਿਆਦਾ ਹੈ!"

ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਕਿਹਾ, "ਜਾ ਕੇ ਧਰਤੀ ਤੇ ਮਨੁੱਖੀ ਸਰੀਰ ਵਿੱਚ ਚੱਲ ਫਿਰ, ਹਾਲਾਂਕਿ ਇਹ ਕਮਜ਼ੋਰ ਹੋ ਸਕਦਾ ਹੈ।

ਮਨੁੱਖ-ਜਾਤੀ ਦੀਆਂ ਮੁਸ਼ਕਲਾਂ ਅਤੇ ਦੁੱਖਾਂ ਵਿੱਚ ਭਾਗ ਲੈ! ਜਾ ਕੇ ਪਾਪ ਦੇ ਕੌੜੇ ਸਰਾਪ ਨੂੰ ਚੱਖ! ਲਹੂ ਨਾਲ ਉਸ ਰਸਤੇ ਨੂੰ ਰੋਕ ਜਿਹੜਾ ਪਾਣੀਆਂ ਨੂੰ ਵਹਿਣ ਦੇਣ ਲਈ, ਸਾਰੀਆਂ ਕੰਧਾਂ ਨੂੰ ਪਿਘਲਾਉਂਦਾ ਹੈ। ਉਸ ਹਰ ਆਤਮਾ ਨੂੰ ਅਜ਼ਾਦ ਕਰਨ ਲਈ ਜੋ ਜਿਉਂਦੀ ਹੈ, ਜੋ ਜੀ ਚੁੱਕੀ ਹੈ ਅਤੇ ਧਰਤੀ ਉੱਤੇ ਜੀਵੇਗੀ!"

ਦੁਸ਼ਟ ਆਤਮਾਵਾਂ ਨੇ ਪਰਮੇਸ਼ੁਰ ਦੇ ਹੁਕਮ ਦੀ ਨਿੰਦਾ ਕਰਦਿਆਂ ਮਖੌਲ ਉਡਾਇਆ। ਮਹਾਂ ਦੂਤ ਨੇ ਵੇਖਿਆ, ਹੈਰਾਨ ਹੋਇਆ ਅਤੇ ਪੁੱਛਿਆ, "ਇਹ ਸੱਚਮੁੱਚ ਕਿਵੇਂ ਹੋ ਸਕਦਾ ਹੈ? ਪਵਿੱਤਰ ਜਨ ਕਿਵੇਂ ਨੇੜੇ ਜਾ ਸਕਦਾ ਹੈ ਅਤੇ ਅਜਿਹੀ ਸ਼ਰਮਿੰਦਗੀ ਅਤੇ ਗੰਦਗੀ ਨੂੰ ਕਿਵੇਂ ਛੂਹ ਸਕਦਾ ਹੈ ਜੋ ਸ਼ੈਤਾਨ, ਮਨੁੱਖਾਂ ਦੇ ਜਾਲਮ ਦੁਸ਼ਮਣ ਨੇ ਸਾਰੀ ਧਰਤੀ ਤੇ ਬੀਜੀ ਹੈ?"

ਵਿਰੋਧੀ ਆਤਮਾ ਨੇ ਘਮੰਡ ਕੀਤਾ, "ਮਨੁੱਖੀ ਮੁਕਤੀਦਾਤਾ ਨੂੰ ਕੋਸ਼ਿਸ਼ ਕਰਨ ਦਿਹ! ਪਰਮੇਸ਼ੁਰ ਦੀ ਪਵਿੱਤਰਤਾ ਮਨ੍ਹਾ ਕਰਦੀ ਹੈ!"

ਪਾਪ ਕਰਨ ਦੁਆਰਾ, ਮਨੁੱਖਾਂ ਨੇ ਆਪਣੀਆਂ ਆਤਮਾਵਾਂ ਨੂੰ ਸਦੀਪਕ ਮੰਜ਼ਿਲ ਲਈ ਸਾਨੂੰ ਦੇ ਦਿੱਤਾ ਹੈ, ਇਸ ਲਈ ਉਸਨੂੰ ਨਦੀ ਦੀ ਡੂੰਘੀ ਨੀਂਹ ਕੱਢਣ ਦੀ ਕੋਸ਼ਿਸ਼ ਕਰਨ ਦੇ। ਕੋਸ਼ਿਸ਼ ਕਰ! ਫਿਰ ਖੁਸ਼ ਹੋ ਕੇ ਅਸੀਂ ਅਜਿਹੀਆਂ, ਨਾਉਮੀਦ, ਇੱਛਾਵਾਂ ਭਰੀਆਂ ਯੋਜਨਾਵਾਂ ਨੂੰ ਅਰਾਮ ਨਾਲ ਤਬਾਹ ਕਰ ਦੇਵਾਂਗੇ!"

ਮਹਾਂ ਦੂਤ ਚਿਲਾਇਆ, "ਸਮੇਂ ਦੀਆਂ ਜੰਜ਼ੀਰਾਂ ਪਰਮੇਸ਼ੁਰ ਦੇ ਹੱਥ ਨੂੰ ਰੋਕ ਨਹੀਂ ਸਕਦੀਆਂ।

ਅੰਨ੍ਹੇਰਾ ਉਸਨੂੰ ਅੰਨ੍ਹਿਆਂ ਨਹੀਂ ਕਰਦਾ, ਉਸ ਦੀ ਕੋਈ ਸੀਮਾ ਨਹੀਂ। ਕਿਉਂਕਿ ਉਹ ਇਕੱਲਾ ਹੀ ਹਰ ਜਗ੍ਹਾ, ਹਰ ਸਮੇਂ ਹੈ! ਉਹ ਸਮੇਂ ਤੋਂ ਬਾਹਰ ਰਹਿੰਦਾ ਹੇ।

"ਮੈਂ ਬਹੁਤ ਮਹਾਨ ਹਾਂ, ਮੈਂ ਕਿਸੇ ਵੀ ਸਮੇਂ, ਕਿਸੇ ਵੀ ਜਗ੍ਹਾ ਤੇ ਦਾਖਲ ਹੋ ਸਕਦਾ ਹਾਂ।" ਇਸ ਤਰ੍ਹਾਂ ਜਿਸਨੇ ਸਾਰੇ ਸੰਸਾਰ ਰਚੇ, ਜੋ ਦਿਸਦੇ ਅਤੇ ਛੁਪੇ ਹਨ, ਉਹ ਸਰਿਸ਼ਟੀ ਵਿੱਚ ਵਾਸ ਕਰਨ ਆਇਆ ਅਤੇ ਪਰਮੇਸ਼ੁਰ ਦੇ ਪੁੱਤਰ ਨੇ ਮਨੁੱਖ ਦਾ ਰੂਪ ਧਾਰਨ ਕੀਤਾ।

ਫਿਰ ਲਸ਼ਕਰ ਨੇ ਉਸ ਪਵਿੱਤਰ ਬੱਚੇ ਨੂੰ ਮਾਰਨ ਲਈ ਉਸ ਵਿਰੁੱਧ ਲੜਾਈ ਛੇੜੀ।
ਨਰਕ ਦੇ ਪਰੇਤ ਚੀਕੇ, "ਉਸਨੂੰ ਮਾਰੋ! ਉਸਦੀ ਵੱਖੀ ਵਿੱਚ ਨੇਜ਼ਾ ਮਾਰੋ ਅਤੇ ਉਸਦਾ ਖੂਨ ਨਿਕਲਿਆ ਵੇਖੋ।"
ਉਹ ਮਰਿਆ। ਧਰਤੀ ਹਿੱਲ ਗਈ ਅਤੇ ਬੱਦਲ ਗਰਜੇ। ਮੀਂਹ ਨੇ ਉਸਦੇ ਲਹੂ ਨੂੰ ਦੂਰ ਫੈਲਾ ਦਿੱਤਾ।

ਯੂਨਾਹ ਦੀ ਭੁੱਖੀ ਮੱਛੀ ਦੀ ਤਰ੍ਹਾਂ, ਉਸਨੇ ਯਿਸੂ ਦੇ ਕੱਚੇ, ਜਖ਼ਮੀ ਸਰੀਰ ਨੂੰ ਨਿਗਲ ਲਿਆ!
ਘਮੰਡ ਨਾਲ ਸ਼ੈਤਾਨ ਨੇ ਸ਼ੇਖੀ ਮਾਰੀ, "ਮੈਂ ਜਿੱਤ ਗਿਆ! ਮੇਰੇ ਮਿੱਤਰੋ, ਖੁਸ਼ੀ ਮਨਾਓ!
ਸਵਰਗ ਦੇ ਦੂਤਾਂ ਨੂੰ ਹਰ ਸਮੇਂ, ਜਦੋਂ ਮਨੁੱਖ ਮਰਦਾ ਹੈ, ਮੇਰੇ ਧੰਨ ਨੂੰ ਵੱਧਦਾ ਵੇਖਣ ਦਿਓ!
ਹੁਣ ਸਾਡੇ ਮੌਤ ਦੇ ਰਾਜ ਵਿੱਚ, ਮਸੀਹ ਮੇਰੇ ਹੱਥਾਂ ਵਿੱਚ ਬੇਸਹਾਰਾ ਰਹਿੰਦਾ ਹੈ।
ਪਰਮੇਸ਼ੁਰ ਨੇ ਸਾਨੂੰ ਸਵਰਗ ਵਿੱਚੋਂ ਕੱਢ ਦਿੱਤਾ, ਪਰ ਹੁਣ ਅਸੀਂ ਆਪਣਾ ਬਦਲਾ ਲੈ ਲਿਆ!"
ਨਰਕ ਵਿੱਚ ਖੁਸ਼ੀ ਮਨਾਓ, "ਪਰਮੇਸ਼ੁਰ ਨੂੰ ਆਪਣਾ ਵਚਨ ਪੂਰਾ ਕਰਨਾ ਪਿਆ!"
"ਉਸਨੂੰ ਆਪਣੇ ਯਿਸੂ ਨੂੰ ਮਾਰਨਾ ਪਿਆ, ਉਹ ਮੁਕਤੀਦਾਤਾ ਮੂਰਖ ਸਾਬਤ ਹੋਇਆ।
ਉਹ ਅਸਫਲ ਹੋਇਆ! ਪਰਮੇਸ਼ੁਰ ਦਾ ਖ਼ੁਦ ਦਾ ਨਿਯਮ ਹੈ, ਕਿ ਪਾਪੀ ਮਨੁੱਖਾਂ ਨੂੰ ਮਰਨਾ ਚਾਹੀਦਾ ਹੈ।
ਸਾਡੀ ਨਿੰਦਾ ਉਨ੍ਹਾਂ ਦੀਆਂ ਕਬਰਾਂ ਨੂੰ ਢੱਕ ਦੇਂਦੀ ਹੈ, ਜਿਵੇਂ ਸਵਰਗ ਦੀ ਵਿਵਸਥਾ ਮੰਗ ਕਰਦੀ ਹੈ।
ਸਾਡਾ ਪਿਆਰਾ ਪ੍ਰਭੂ, ਸਬਤ ਦਿਨ ਸੰਪੂਰਨ ਅਰਾਮ ਕਰਦਾ ਹੈ,
ਸਿਰਫ ਇਕਲੌਤਾ ਮਨੁੱਖ, ਜਿਸਨੇ ਹਰ ਸੰਪੂਰਨ ਢੰਗ ਨਾਲ, ਪਰਮੇਸ਼ੁਰ ਦੀ ਸ਼ਰਾ ਨੂੰ ਪੂਰਾ ਕੀਤਾ।
ਅਜ਼ਗਰ ਨਫ਼ਰਤ ਨਾਲ ਅੰਨ੍ਹਾ ਹੋ ਗਿਆ, ਉਹ ਅਜਿਹੇ ਪਿਆਰ ਦੇ ਕੰਮ ਨੂੰ ਨਹੀਂ ਵੇਖ ਸਕਿਆ :
'ਆਖ਼ਰੀ ਆਦਮ' ਦਾ ਲਹੂ ਮਨੁੱਖ ਜਾਤੀ ਨੂੰ ਸਾਰੇ ਪਾਪਾਂ ਤੋਂ ਸ਼ੁੱਧ ਕਰੇਗਾ!

ਪਰਮੇਸ਼ੁਰ ਦੇ ਨਵੇਂ ਹਫ਼ਤੇ ਦਾ ਪਹਿਲਾ ਦਿਨ ਆਇਆ, ਅਤੇ ਯਿਸੂ ਨੇ ਅਜ਼ਗਰ ਦੀ ਗ੍ਰਿਫਤ ਨੂੰ ਤੋੜਿਆ। ਨਰਕ ਦੀਆਂ ਦੁਸ਼ਟ ਆਤਮਾਵਾਂ ਨੇ ਹੌਕਾ ਭਰਿਆ। ਹਾਰ! ਡਰੋ! ਪਰ ਦੂਤਾਂ ਨੇ ਹੈਰਾਨੀ ਨਾਲ ਰੌਲਾ ਪਾਇਆ, "ਕਿੰਨੀ ਖੁਸ਼ੀ ਦੀ ਗੱਲ ਹੈ! ਹਾਲਾਂਕਿ ਪਹਿਲਾਂ ਹੀ ਦਾਊਦ, ਨਬੀਆਂ ਅਤੇ ਜ਼ਬੂਰਾਂ ਵਿੱਚ ਦੱਸਿਆ ਗਿਆ। ਅਸੀਂ ਉਹ ਹੀ ਵੇਖਿਆ ਸੀ, ਜੋ ਸਪੱਸ਼ਟ ਹੈ! ਸਵਰਗ ਦੇ ਦੂਤਾਂ ਨੂੰ ਪਰਮੇਸ਼ੁਰ ਦੀ ਵਡਿਆਈ ਕਰਨ ਦਿਓ!"

"ਮਸੀਹ ਨੇ ਜੀ ਉੱਠਣਾ ਸੀ," ਵੱਡੇ ਨਿਆਂਕਾਰੀ ਨੇ ਦੱਸਿਆ, "ਸਿਰਫ ਉਹੋ ਇੱਕ ਪਵਿੱਤਰ ਹੈ! ਉਹੋ ਹੁਕਮ ਜਿਸਨੇ ਪਾਪ ਲਈ ਮੌਤ ਦਾ ਹੁਕਮ ਕੀਤਾ, ਮੰਗ ਕਰਦਾ ਹੈ, ਮਨੁੱਖ ਜੀਉਣ''।

ਕੋਈ ਧਰਮੀ ਮਨੁੱਖ ਨਹੀਂ ਮਰੇਗਾ, ਪਰ ਸਦਾ ਲਈ ਪਰਮੇਸ਼ੁਰ ਦਾ ਅਨੰਦ ਮਨਾਉਂਦਿਆਂ ਜੀਵੇਗਾ!"

ਸੱਪ ਦੇ ਤੇਜ, ਦੋਸ਼ ਲਾਉਣਾ ਵਾਲੇ ਦੰਦ, ਉਸ ਪਾਪ ਰਹਿਤ ਮਨੁੱਖ ਨੂੰ ਕਾਬੂ ਵਿੱਚ ਨਾ ਕਰ ਸਕੇ।

ਦੂਤਾਂ ਨੇ ਖੁਸ਼ੀ ਮਨਾਈ, ਜਦੋਂ ਯਿਸੂ ਨੇ ਮੌਤ ਦੇ ਦੁਆਰ ਨੂੰ ਬੰਦ ਕੀਤਾ ਅਤੇ ਜੀ ਉੱਠਿਆ, ਅਤੇ ਨੂਹ ਦੀ ਤਰ੍ਹਾਂ, ਜਿਸਨੇ ਮਨੁੱਖ ਜਾਤੀ ਨੂੰ ਬਚਾਇਆ, ਉਸ ਵਿੱਚ ਉਨ੍ਹਾਂ ਨੂੰ ਜਿਵਾਇਆ ਜਿਹੜੇ ਨਿਹਚਾ ਵਿੱਚ ਮਰੇ ਸਨ ਅਤੇ ਜਿਹੜੇ ਮਰਨਗੇ:

ਮਸੀਹ ਦਾ ਕੰਮ ਸਦੀਪਕ ਕਾਲ ਦਾ ਹੈ।

ਦੁਸ਼ਟ ਆਤਮਾਵਾਂ ਕੋਲ ਹੁਣ ਫਰੇਬ ਦੀ ਸ਼ਕਤੀ ਤੋਂ ਇਲਾਵਾ ਕੋਈ ਸ਼ਕਤੀ ਨਹੀਂ ਹੈ।

ਜਿਹੜੇ ਮਨੁੱਖ ਉਨ੍ਹਾਂ ਝੂਠਾਂ ਤੇ ਭਰੋਸਾ ਕਰਨਾ ਚੁਣਦੇ ਹਨ, ਉਸ ਭਿਆਨਕ ਪਤਲੇ ਚਿੱਕੜ ਨੂੰ ਪੀਣ ਦਿਓ।

ਬਾਕੀ ਸਭਨਾ ਤੇ, ਪਰਮੇਸ਼ੁਰ ਦੀ ਨਦੀ ਵਹੇ! ਜਿਹੜੇ ਤਿਹਾਏ ਹਨ ਉਨ੍ਹਾਂ ਨੂੰ ਮੁਫ਼ਤ ਪੀਣ ਦਿਓ! ਓਹ, ਮਸੀਹ ਦਾ ਪਿਆਰ ਵੀ ਚੱਖ! ਉਸਦੀ ਕਿਰਪਾ ਨੂੰ ਸਦਾ ਲਈ ਗਲ਼ੇ ਲਾ!

## ਅਭਿਆਸ

- ☐ ਉਨ੍ਹਾਂ ਗੱਲਾਂ ਤੇ ਚਿੰਨ ਲਗਾਓ, ਜਿਨ੍ਹਾਂ ਨੂੰ ਸ਼ੈਤਾਨ ਪਰਮੇਸ਼ੁਰ ਦੀ ਕਿਰਪਾ ਦੇ ਵਹਾ ਨੂੰ ਰੋਕਣ ਲਈ ਪ੍ਰਯੋਗ ਕਰਦਾ ਹੈ।
- ☐ ਵਿਅਕਤੀਵਾਦ, ਜੋ ਨਿੱਜੀ ਨਿਹਚਾ ਦੀ ਭਾਲ ਕਰਦਾ ਹੈ।
- ☐ ਘਮੰਡੀ ਸਿਧਾਂਤਵਾਦ, ਜੋ ਦੂਜਿਆਂ ਦੇ ਵਿਚਾਰਾਂ ਨੂੰ ਸੁਣਨ ਤੋਂ ਇਨਕਾਰ ਕਰਦਾ ਹੈ ਜਾਂ ਮਸੀਹੀ ਸੇਵਕਾਈ ਨੂੰ ਸਿੱਖਿਆ ਤੱਕ ਸੀਮਤ ਰੱਖਦਾ ਹੈ।
- ☐ ਪਵਿੱਤਰ ਵਚਨ ਦੀ ਬਜਾਏ, ਮਨੁੱਖਾਂ ਦੀਆਂ ਰਸਮਾਂ ਦੇ ਪਿੱਛੇ ਚੱਲਣਾ।
- ☐ ਅਜਿਹੇ ਢੰਗ ਨਾਲ ਸਿੱਖਿਆ ਦੇਣਾ ਕਿ ਲੋਕਾਂ ਨੂੰ ਸਿਰਫ ਸੁਸਤ ਸੁਣਨ ਵਾਲੇ ਬਣਨ ਦੇਣਾ।
- ☐ ਮੂਰਤੀ ਪੂਜਾ, ਜਿਸ ਵਿੱਚ ਉਹ ਕਿਸਮ ਵੀ ਸ਼ਾਮਿਲ ਹੈ, ਜੋ ਇੱਕ ਵਿਸ਼ਵਾਸੀ ਨੂੰ ਜੋ ਚਾਹੇ ਕਰਨ ਦੇਵੇ, ਜਦ ਤੱਕ ਉਹ ਸੱਚਾ ਹੈ।
- ☐ ਸ਼ਕਤੀ ਦੇ ਭੁੱਖੇ ਆਗੂ ਜੋ ਸਿਰਫ਼ ਨਿਯਮਾਂ ਨੂੰ ਥੋਪਦੇ ਹਨ ਅਤੇ ਹੋਰਨਾਂ ਨੂੰ ਅਗਵਾਈ ਦੀਆਂ ਜ਼ਿੰਮੇਵਾਰੀਆਂ ਵਿੱਚ ਹਿੱਸਾ ਲੈਣ ਵਿੱਚ ਮਦਦ ਨਹੀਂ ਕਰਦੇ।

☐ ਅਜਿਹੇ ਢੰਗ ਨਾਲ ਸੰਗਠਨ ਕਰਨਾ, ਜੋ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਵੱਖ-ਵੱਖ ਆਤਮਿਕ ਵਰਦਾਨਾਂ ਨਾਲ, ਇੱਕ ਦੂਜੇ ਦੀ ਸੇਵਾ ਕਰਨ ਲਈ, ਮਦਦ ਕਰਨ ਵਿੱਚ ਅਸਫ਼ਲ ਕਰਦਾ ਹੈ।

☐ ਪਿਆਰ ਤੋਂ ਇਲਾਵਾ ਹੋਰ ਮਕਸਦਾਂ ਲਈ ਪਰਮੇਸ਼ੁਰ ਦੀ ਅਣਆਗਿਆਕਾਰੀ ਦੀ ਮੰਗ ਕਰਨਾ, ਜਿਵੇਂ ਕਿ ਡਰ ਜਾਂ ਠੁਕਰਾਏ ਜਾਣ ਦਾ ਖ਼ਤਰਾ।

☐ ਪਦਾਰਥਵਾਦ ਜੋ ਪਰਮੇਸ਼ੁਰ ਦੀ ਕਿਰਪਾ ਨੂੰ, ਵਿਅਕਤੀ ਦੇ ਧੰਨ ਅਨੁਸਾਰ ਮਾਪਦਾ ਹੈ।

☐ ਤਰਕਵਾਦ ਜੋ ਇਨਕਾਰ ਕਰਦਾ ਹੈ ਕਿ ਪਰਮੇਸ਼ੁਰ ਦੀ ਕਿਰਪਾ ਹੁਣ ਸਾਡੇ ਕੋਲ ਅਨੋਖੇ ਢੰਗ ਨਾਲ ਆਉਂਦੀ ਹੈ।

(*ਨਰਕ ਦੀਆਂ ਦੁਸ਼ਟ ਆਤਮਾਵਾਂ, ਇਨ੍ਹਾਂ ਸਾਰੇ ਬੁਰੇ ਹਥਿਆਰਾਂ ਨੂੰ ਪਰਮੇਸ਼ੁਰ ਦੀ ਕਿਰਪਾ ਵਿੱਚ, ਲੋਕਾਂ ਦੇ ਭਰੋਸੇ ਨੂੰ ਕਮਜ਼ੋਰ ਕਰਨ ਲਈ ਪ੍ਰਯੋਗ ਕਰਦਾ ਹੈ।*)

ਹੁਣ ਅਸੀਂ ਪੁਰਾਣੇ ਨੇਮ (ਪੁਰਾਣੀ ਬਿਵਸਥਾ) ਦੇ ਨਿਯਮਾਂ ਨੂੰ ਕਿਉਂ ਨਹੀਂ ਮੰਨਦੇ, ਸਿਰਫ ਉਨ੍ਹਾਂ ਤੋਂ ਇਲਾਵਾ ਜਿਨ੍ਹਾਂ ਦੀ ਪੁਸ਼ਟੀ ਨਵੇਂ ਨੇਮ ਵਿੱਚ ਕੀਤੀ ਗਈ ਹੈ?

________________________________________

________________________________________

________________________________________

________________________________________

ਨਵੇਂ ਨੇਮ ਦੇ ਕਿਹੜੇ ਵਚਨਾਂ ਨੂੰ ਤੁਸੀਂ ਵਿਸ਼ਵਾਸੀਆਂ ਨੂੰ ਇਹ ਸਮਝਾਉਣ ਵਿੱਚ ਮਦਦ ਕਰਨ ਲਈ ਪ੍ਰਯੋਗ ਕਰ ਸਕਦੇ ਹੋ, ਜੋ ਮਸੀਹ ਨੇ ਨਵੇਂ ਨੇਮ ਦੀ ਕਿਰਪਾ ਨੂੰ ਸਥਾਪਿਤ ਕੀਤਾ, ਜਿਸ ਨੇ ਪੁਰਾਣੀ ਬਿਵਸਥਾ ਦਾ ਸਥਾਨ ਲੈ ਲਿਆ?

________________________________________

________________________________________

________________________________________

________________________________________

ਕੋਈ ਨਵੀਆਂ ਯੋਜਨਾਵਾਂ ਦਾ ਵਰਨਣ ਕਰੋ, ਜੋ ਤੁਹਾਡੇ ਕੋਲ ਹਨ, ਉਨ੍ਹਾਂ ਲੋਕਾਂ ਨੂੰ ਚਾਨਣ ਅਤੇ ਅਜ਼ਾਦੀ ਨੂੰ ਗਲ਼ੇ ਲਾਉਣ ਵਿੱਚ ਮਦਦ ਕਰਨ ਲਈ ਹਨ, ਜੋ ਸਾਡੇ ਲਈ, ਪਰਮੇਸ਼ੁਰ ਦੀ ਕਿਰਪਾ ਦੀ ਨਦੀ ਦੇ ਰੂਪ ਵਿੱਚ ਵਹਿੰਦੀ ਹੈ:

________________________________________

________________________________________

________________________________________

________________________________________